
ਅੰਨਜਲ
ਅਮਰਜੀਤ ਚੰਦਨ

ANNJALL
Poems in Punjabi
by Amarjit Chandan

Lokgeet Publishers, Chandigarh. 2005

ISBN: 81-7142-070-2

© Amarjit Chandan. 2005
The moral rights of the author have been asserted

ਸਰਵਰਕ ਦੀ ਤਸਵੀਰ ਤੇ ਵਿਉਂਤ: ਅਮਰਜੀਤ ਚੰਦਨ

ਧਨੀਰਾਮ ਚਾਤ੍ਰਿਕ ਫ਼ੌਂਟ ਚ ਅੱਖਰ ਕਰਤੇ ਨੇ ਆਪ ਬੀੜੇ

ਪ੍ਰਕਾਸ਼ਕ
ਲੋਕਗੀਤ ਪ੍ਰਕਾਸ਼ਨ
26-27 ਸੈਕਟਰ 34
ਚੰਡੀਗੜ੍ਹ 160022

ਛਾਪਕ
ਸਵੀਤਰ ਪ੍ਰੈੱਸ, ਚੰਡੀਗੜ੍ਹ

ਭੇਟਾ
100 ਰੁਪੱਈਏ

**ਅੱਨ**। ਸੰਸਕ੍ਰਿਤ। ਸੰਗਜਾ-ਜਿਸ ਨਾਲ ਪ੍ਰਾਣ ਧਾਰਨ ਕਰੀਏ, ਖਾਣ ਲਾਇਕ ਪਦਾਰਥ, ਭੋਜਨ।
੨ ਅਨਾਜ, ਦਾਣਾ ੩ ਪਾਰਬ੍ਰਹ੍ਮ। ਕਰਤਾਰ, ਜਿਸਦੀ ਸੱਤਾ ਨਾਲ ਜੀਵ ਪ੍ਰਾਣ ਧਾਰਦੇ ਹਨ ੪ ਸੂਰਜ ੫ ਪ੍ਰਾਣ
੬ ਭੋਗਣ ਯੋਗ ਪਦਾਰਥ

**ਜਲ**। ਸੰਸਕ੍ਰਿਤ। ਸੰਗਜਾ-ਤਿੱਖਾ ਕਰਨਾ, ਧਨਵਾਨ ਹੋਣਾ, ਢਕਣਾ ੨ ਪਾਣੀ ਜੋ ਲੋਕਾਂ ਨੂੰ ਜਿਵਾਉਂਦਾ ਹੈ, ਅਥਵਾ ਪ੍ਰਿਥਵੀ ਨੂੰ ਢਕਦਾ ਹੈ। "ਜਲ ਬਿਹੂਨ ਮੀਨ ਕਤ ਜੀਵਨ" (ਬਿਲਾਵਲ ਮਹਲਾ ੫)।
– *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*

# ਚਿਣਾਈ


1 ਪਿਤਾ ਨਾਲ਼ ਗੱਲਾਂ
2 ਇਕ ਸੁਪਨਾ ਹੋਰ
3 ਆਸਰਾ
4 ਲਾਲ
5 ਰਿਚਮੰਡ ਪਾਰਕ ਵਿਚ 2 ਅਪ੍ਰੈਲ ਸੰਨ 2005 ਦਾ ਦਿਨ
6 ਅੱਜ ਦੇ ਦਿਨ
7 ਖਿਲਾੜੀ
8। ਸਮ
9। ਹੁਣ ਸੰਗੀਤ
10 ਇਸ ਵੇਲੇ ਸੰਗੀਤ
11 ਮੋਟਰਵੇਅ
12 ਪੰਛੀ
13 ਮੈਂ ਦਾਨਾ ਦੀਵਾਨਾ
14 ਏਨਾ ਬਹੁਤ ਹੈ
15 ਪਾਸ਼ ਨੂੰ ਯਾਦ ਕਰਦਿਆਂ
16 ਪਹੀਆ
17 ਓਦੋਂ
18 ਅੰਬਾਂ ਦੀ ਪੈਲ
19 .../ਵੈਰਾਗੀ ਦਿਲ ਧੜਕ ਰਿਹਾ
20 ਨੇੜੇ
21 ਸਬਕ
22 ਸਾਇੰਸਦਾਨ ਘੜੀਸਾਜ਼
23 ਤ੍ਰਿਸ਼ਨਾ
24 ਪਹਿਲੀ ਜਨਵਰੀ ਸੰਨ 2000 ਈਸਵੀ
25 ਨੀਲ ਗੁਲਾਬ
26 24 ਅਕਤੂਬਰ 2003
27 ਕਲਬੂਤਰ
28 ਪਾਣੀ
29 ਮੀਂਹ
30 ੨੫ ਪੋਹ ਸੰਮਤ ੨੦੫੬ ਦੇ ਢਲ਼ਦੇ ਸੂਰਜ ਨਾਲ਼ ਗੱਲਾਂ
31 ਬੋਰਨਮਥ ਸਮੁੰਦਰ ਕੰਢੇ
32 ਸਮੁੰਦਰ ਕੰਢੇ ਮਾਘੀ ਸੰਨ 2001 ਈਸਵੀ
33 ਇਹ ਗੀਤ
34 ਗਾਵਣ
35 ਕਿਤਾਬ ਬੋਲਦੀ
36 ਸੰਖ
37 ਮਰਨਾ
38 ਤੂੰ ਟਿਕ ਜਾ
39 .../ਮੈਂ ਅਸਮਾਨੀਂ ਪੀਂਘ...
40 ਅੱਖਰ
41 ਸ਼ਬਦ
42 ਤੱਕਣੀ
43 .../ਐਸੀ ਸੁਰ ਲਾਈ ਮਰਦਾਨੇ...
44 ਯਗਾਨਗਤ
45 ਸੁੰਨ
46 ਹੁਣੇ ਈ
47 ਤਾਰ
48 ਭਾਵ
49 ਮਰਹੂਮ ਪਠਾਣੇ ਖ਼ਾਂ ਨਾਲ਼ ਗੱਲਾਂ
50 ਗਮ ਦਾ ਗੋਲ਼ਾ
51 ਬਾਰੂ ਤੇ ਸੰਤੋਖ
52 .../ਪੁੱਤਰਾ ਗੱਲਾਂ ਕਰਨਾ ਹੱਸਣਾ ਰੋਣਾ...
53 ਆਰਸੀ ਨੂੰ ਅਲਵਿਦਾ
54 ਜੋਤ
55 ਕਾਲ ਦਾ ਅਭਿਆਸ
56 .../ਤੂੰ ਜੋ ਸੋਚਦੀ ਏਂ...
57 .../ਕਾਗ਼ਜ਼ ਪਾਰੋਂ...
58 ਨੰਬਰ 4 ਲਤੀਫ਼ਾ
59 ਫ਼ੋਟੋ
60 ਬੈਂਗਣ
61 ਬਿੱਕਰ
62 ਪਰਦੇਸੀਆਂ ਦੀ ਦੀਵਾਲ਼ੀ
63 ਬੁਤਸ਼ਿਕਨ ਨਾਲ਼ ਗੱਲ
64 ਇਸ ਵੇਲੇ
65 ਲਹੌਰ ਚਿੜੀਆ ਘਰ ਦਾ ਚਿੱਟਾ ਮੋਰ
66 ਬਾਬੇ ਨਾਨਕ ਦਾ ਘਰ
67 ਘੜੀ ਅਧਰੈਣੀ
68 ਨਾਮ
69 ਸੰਨ 80 ਦੇ ਦਿਨ
70 ਖੜਤਾਲਾਂ ਵਾਲ਼ਾ ਬਾਂਦਰ
71 ਨਿਰਾ ਚਾਨਣ
72 ਮਾਏਂ ਨੀ
73 ਰਾਤ
74 ਹੁਣ
75 ਸ਼ਾਇਰਾਂ ਦਾ ਸਫ਼ਰਨਾਮਾ
76 ਆਸੋਸ, ਤੁਰਕੀ
77 ਜਰਾਬਾਂ
78 ਆਈਨਸ਼ਟਾਈਨ ਮੇਰਾ ਦਫ਼ਤਰੀ
79 ਚਿੜੀਆਂ
80 ਸੱਦ
81 ਬੱਚਾ ਫੱਟੀ ਪੋਚਦਾ


**ਅੰਤਿਕਾ**


ਕੁਝ ਅਪਣੇ ਬਾਰੇ
ਬਾਮਿਯਾਨ ਬਾਮਿਯਾਨ: ਅਣਲਿਖੀ ਰਹਿ ਗਈ ਕਵਿਤਾ

ਪਿਤਾ ਨਾਲ਼ ਗੱਲਾਂ



ਤੁਸਾਂ ਸਿਖਾਇਆ ਮੈਨੂੰ ਊੜਾ ਲਿਖਣਾ
ਖੁਸ-ਖੁਸ ਕਰਦਾ ਹੱਥ ਮਿਰਾ  ਅਪਣੇ ਹੱਥ ਵਿਚ ਲੈ ਕੇ
ਤੁਸਾਂ ਸਿਖਾਇਆ ਕੈਮਰਾ ਫੜਨਾ
ਕਿਵੇਂ ਸ਼ੀਸ਼ੇ ਦੀ ਅੱਖ ਨੂੰ ਅੱਖ ਦੇ ਨਾਲ਼ ਮੇਲਣਾ
ਸੇਧ ਨਿਸ਼ਾਨਾ ਪੁਤਲੀ ਵਿਚ ਨੂੰ
ਤੁਸਾਂ ਸਿਖਾਇਆ ਬਟਣ ਦਬਾਣਾ    ਸਾਹ ਰੋਕ ਕੇ
ਕੈਮਰਾ ਜਿਉਂ ਬੰਦੂਕ ਹੋਂਵਦਾ
ਜੋ ਦਾਗੇ ਹੈ ਰੂਹ ਵਿਚ ਸਿੱਧੀ ਸੰਜੀਵਨ ਗੋਲ਼ੀ

ਤੁਸੀਂ ਕੈਸੇ ਪਰਲੋਕ ਸਿਧਾਏ  ਮੁੜ ਕੇ ਫਿਰ ਨਾ ਆਏ
ਹੁਣ ਕਿੱਥੇ ਓ    ਕੀ ਕਰਦੇ ਓ
ਆ ਜਾਓ ਤਾਂ ਛੁੱਟੀ ਲੈ ਕੇ
ਮੈਂ ਖਿੱਚਾਂਗਾ ਤਸਵੀਰ ਤੁਹਾਡੀ ਨਾਲ਼ ਬਿਠਾ ਕੇ    ਅੱਖ ਲਿਸ਼ਕਾ ਕੇ

ਯਾਦ ਹੈ ਅਪਣੀ ਉਹ ਤਸਵੀਰ
ਜੋ ਕੈਮਰੇ ਅਪਣੇ-ਆਪੂੰ ਖਿੱਚੀ
ਤੁਸੀਂ ਹੋ ਬੈਠੇ ਮੈਨੂੰ ਗਲ਼ ਨਾਲ਼ ਲਾਈ    ਗੱਲ੍ਹ ਨਾ' ਗੱਲ੍ਹ ਛੁਹਾ ਕੇ

ਤਸਵੀਰ ਨਹੀਂ ਹੈ ਦਸਦੀ
ਉਸ ਪਲ ਸੀ ਤੁਹਾਡਾ ਦਿਲ ਭਰ ਆਇਆ

ਆਵੋ ਮੁੜ ਕੇ
ਮੈਂ ਦਿਖਲਾਵਾਂਗਾ ਖਿੱਚੀਆਂ ਉਨ੍ਹਾਂ ਦੀਆਂ ਤਸਵੀਰਾਂ
ਤੁਸੀਂ ਜਿਨ੍ਹਾਂ ਨੂੰ ਮਿਲੇ ਨਹੀਂ ਸੀ
ਉਹ ਥਾਵਾਂ ਵੀ    ਜਿਥੇ ਤੁਸੀਂ ਗਏ ਨਹੀਂ ਸੀ
ਤੇ ਤੁਸੀਂ ਦਿਖਲਾਈਓ ਮੈਨੂੰ ਉਹ ਤਸਵੀਰਾਂ ਸੰਗਤੀਆਂ ਦੀਆਂ
ਜੋ ਰਹਿੰਦੇ ਸੱਚਖੰਡ ਅੰਦਰ

## ਇਕ ਸੁਪਨਾ ਹੋਰ

ਸੁਪਨਾ ਮੁੱਕਿਆ
ਮੈਂ ਨਹੀਂ ਮੁੱਕਿਆ
ਬਾਤ ਨਹੀਂ ਮੁੱਕੀ
ਰਾਤ ਨਹੀਂ ਮੁੱਕੀ

ਸੁਪਨਾ ਬੜਾ ਡਰਾਉਣਾ ਸੀ
ਉੜਦੇ ਪੰਛੀ ਪਿੰਜਰੇ ਪਾਉਂਦਾ ਸੀ
ਨਾ ਰੋਵਣ ਨਾ ਹੱਸਣ ਦਿੰਦਾ
ਨਹੁੰ ਮਾਸ ਤੋਂ ਖੋਂਹਦਾ ਸੀ

ਅੱਖੀਆਂ ਲੋਚਣ ਪਈਆਂ
ਹੋਰ ਇਕ ਸੁਪਨਾ ਤੱਕਣ ਨੂੰ
ਧਿਆਨ ਧਰਾ ਕੇ ਉਨਕਾ
ਜੋ ਸੁਪਨੇ ਵੇਂਹਦਿਆਂ ਅੱਖਾਂ ਮੀਟ ਗਏ

ਸੁਪਨਾ ਮੁੱਕਿਆ
ਮੈਂ ਨਹੀਂ ਮੁੱਕਿਆ
ਬਾਤ ਨਹੀਂ ਮੁੱਕੀ
ਰਾਤ ਨਹੀਂ ਮੁੱਕੀ

## ਆਸਰਾ

*ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭ ਨ ਹੋਇ॥* – ਵਾਰ ਆਸਾ

ਘੁਮਿਆਰ ਪਰਾਤ ਵਰਗੇ ਜਿਸ ਭਾਂਡੇ ਵਿਚ ਚੱਕ ਤੋਂ ਲਾਹੀ ਮਿੱਟੀ ਰਖ ਕੇ ਘੜਾ ਠਾਕਦਾ ਹੈ, ਉਹਨੂੰ ਆਥਰਾ ਕਹਿੰਦੇ ਹਨ। ਇਸ ਪ੍ਰਾਕ੍ਰਿਤ ਸ਼ਬਦ ਦਾ ਅਜੋਕਾ ਰੂਪ ਆਸਰਾ ਹੈ। ਠਾਕਣ ਵਾਲ਼ਾ ਜਾਂ ਥੱਪਣ ਵਾਲ਼ਾ ਲਕੜੀ ਦਾ ਸੰਦ ਕਨੇਰੀ ਜਾਂ ਥਥਮੀ ਹੁੰਦਾ ਹੈ। ਇਹ ਨਾਂ ਵੀ ਪ੍ਰਾਕ੍ਰਿਤ ਭਾਖਾ ਦੇ ਹੀ ਹੋਣੇ ਹਨ।

ਚੱਕ ਦੇ ਵਾਂਙੂੰ ਸੋਚਾਂ ਘੁੰਮਣ
ਮਿੱਟੀ     ਪਾਣੀ     ਛੁਹ ਹੱਥਾਂ ਦੀ
ਕਾਠ ਕਨੇਰੀ
ਕੀ ਕੁਝ ਬਣਦਾ ਜਾਂਦਾ

ਥੱਮ ਥੱਮ
ਥੱਮ ਥੱਮ
ਥੱਮ ਥੱਮ

ਮਿੱਟੀ ਨੂੰ ਲੱਕੜ ਦਾ
ਪਾਣੀ ਨੂੰ ਮਿੱਟੀ ਦਾ
ਅੱਗ ਹਵਾ ਦਾ
ਹੱਥਾਂ ਨੂੰ ਹੱਥਾਂ ਦਾ
ਬੰਦੇ ਨੂੰ ਬੰਦੇ ਦਾ
ਧਰਤੀ ਨੂੰ ਆਕਾਸ਼ ਆਸਰਾ

ਕੁੰਭਕ ਬੈਠਾ ਸੱਖਣ ਸਿਰਜੇ

ਥੱਪ ਥੱਪ
ਥੱਪ ਥੱਪ
ਥੱਪ ਥੱਪ

ਇਹ ਸੱਖਣ ਹੈ ਤ੍ਰੇਹ ਦਾ ਮੇਚਾ
ਭਰਦਾ ਜਿਸਨੂੰ ਅਮ੍ਰਿਤ ਪਾਣੀ
ਲੈ ਕੇ ਚੱਲਿਆ ਸੁਰਗਾਂ ਵੱਲ ਨੂੰ ਇੰਦਰ ਦਾ ਪੁਤ

ਕੁੰਭਕ ਲਾਹਿਆ ਚੱਕ ਤੋਂ ਕਾਸਾ
ਹੱਥ ਜੋੜ ਕੇ ਰੱਬ ਰੱਬ ਕਰਕੇ
ਦਿਲ ਦੀ ਸੂਰਤ
ਮਿੱਟੀ ਦੇ ਵਿਚ ਜਾਨ ਪਈ ਹੈ
ਧੜਕਣ ਲੱਗੀ
ਧਕ ਧਕ
ਧਕ ਧਕ

ਘੁੰਮਦੇ ਜਾਂਦੇ ਚੱਕ ਤੋਂ ਉੜਦੇ
ਘੜਿਆਂ ਨੂੰ ਖੰਭ ਲੱਗੇ
ਚੱਲੇ ਤ੍ਰਿਹਾਇਆਂ ਦੀ ਅਗਨ ਬੁਝਾਵਣ
ਰਿਜ਼ਕ ਪਕਾਵਣ
ਸ਼ੁਕਰ ਮਨਾਉਂਦੇ ਰੱਬ ਰੱਬ ਰੱਬ ਰੱਬ

## ਲਾਲ

*ਬ੍ਰਿਟਿਸ਼ ਲਾਇਬ੍ਰੇਰੀ ਲੰਦਨ ਵਿਚ ਗ਼ਦਰ ਲਹਿਰ ਦੀਆਂ ਮਿਸਲਾਂ ਵਾਚਦਿਆਂ*

ਜੋਗੀ ਬੈਠਾ ਮਿੱਟੀ ਫੋਲ਼ੇ
ਇਹ ਜਾਣਦਿਆਂ ਵੀ
ਨਹੀਂ ਲਭਣੇ ਲਾਲ ਗੁਆਚੇ
ਸਦੀ ਪੁਰਾਣੀ ਕਿੰਨੀਆਂ ਪੁਸ਼ਤਾਂ
ਲੇਖੇ ਲੱਗੀਆਂ
ਤਕਦੀਰ ਨਾ ਬਦਲੀ ਲੋਕਾਂ ਦੀ

ਫੋਲ਼ੇ ਕਾਗ਼ਜ਼ ਧੁਖਦੇ ਅੱਖਰ
ਲਾਲ ਮਾਤਾ ਦੇ ਜ਼ੰਜੀਰਾਂ ਨੂੰ ਕੱਟਣੇ ਨੂੰ
ਫਿਰਦੇ ਦੇਸ ਦੇਸਾਂਤਰ ਪੇਸ਼ ਨਾ ਜਾਂਦੀ
ਤੋੜ ਕੇ ਮੋਹ ਦੇ ਸੰਗ਼ਲ
ਤੁਰ ਪਏ ਜੰਗ਼ਲ ਰਸਤੇ
ਮੁਲਕੋ ਮੁਲਕ ਸ਼ਹਿਰ ਤੋਂ ਸ਼ਹਿਰ

ਰਤਨ ਸਿੰਘ ਸੰਤੋਖ ਸੁਤੰਤਰ
ਦਾਦਾ ਮੀਰ ਕੁਰਬਾਨ ਇਲਾਹੀ
ਰਾਮ ਕ੍ਰਿਸ਼ਨ ਰੁੜ੍ਹਿਆ ਜਾਂਦਾ ਆਮੂ ਦਰਿਆ ਅੰਦਰ

ਨਾ ਕਾਗ਼ਜ਼ ਨਾ ਅੱਖਰ ਦੱਸਦੇ
ਬੇਵਤਨੇ ਦਾ ਦਿਲ ਕਿੰਜ ਧੜਕਦਾ
ਕਿੰਜ ਤੜਫਦਾ ਚੇਤੇ ਕਰਕੇ

ਮਾਪੇ ਪਿੰਡ ਤੇ ਬੇਲੀ

ਕੌਣ ਭਤੀਜਾ ਤਾਂਘ ਮਿਲਣ ਦੀ ਲੈ ਕੇ ਫਾਂਸੀ ਚੜ੍ਹਿਆ
ਰਹਿੰਦਾ ਸੱਤ ਸਮੁੰਦਰਾਂ ਪਾਰ ਹੈ ਚਾਚਾ
ਤਸਵੀਰ ਦੇ ਪਿੱਛੇ ਨਹਿਰੂ ਲਿਖਿਆ –
    ਇਹ ਮੂਰਤ ਉਸ ਉੱਚੇ ਦਾ ਸੱਚਾ ਪਰਛਾਵਾਂ ਹੈ
    ਵਤਨ ਦੀ ਧਰਤੀ ਉੱਤੇ ਪੈਂਦਾ

ਮੂਰਤ ਅੰਦਰ ਸਿੰਘ ਅਜੀਤ
ਬਣਿਆ ਬੈਠਾ ਹਸਨ ਖ਼ਾਨ ਈਰਾਨ ਦਾ ਵਾਸੀ
ਕਦੀ ਤਾਂ ਬੋਲੇ ਫ਼ਾਰਸ ਤੁਰਕੀ ਕਦੇ ਸਪੇਨੀ
ਪਰ ਤੱਕਦੀ ਅੱਖ ਪੰਜਾਬੀ ਹੈ
ਨਹਿਰੂ ਸਰਕਾਰੇ-ਦਰਬਾਰੇ ਕਹਿੰਦਾ –
    ਇਸਨੂੰ ਅਪਣੇ ਘਰ ਜਾਣ ਦਾ
    ਮਾਂ ਦੇ ਪੈਰੀਂ ਪੈ ਕੇ ਮਰ ਜਾਣ ਦਾ ਹੱਕ ਤਾਂ ਦੇਵੋ

ਨਾ ਕਾਗ਼ਜ਼ ਨਾ ਅੱਖਰ ਦੱਸਦੇ
ਕਿਹੜਾ ਖ਼ਿਆਲ ਸੀ ਜਿਹੜਾ ਹਰਦਮ ਨਾਲ਼ ਓਸਦੇ ਰਹਿੰਦਾ ਸੀ
ਕਿਸਦੇ ਨਾਮ ਸਹਾਰੇ ਉਹ ਦਰਦ ਹਿਜਰ ਦਾ ਸਹਿੰਦਾ ਸੀ

ਜੋਗੀ ਬੈਠਾ ਮਿੱਟੀ ਫੋਲ਼ੇ
ਇਹ ਜਾਣਦਿਆਂ ਵੀ
ਨਹੀਂ ਲਭਣੇ ਲਾਲ ਗੁਆਚੇ
ਸਦੀ ਪੁਰਾਣੀ ਕਿੰਨੀਆਂ ਪੁਸ਼ਤਾਂ ਲੇਖੇ ਲੱਗੀਆਂ
ਤਕਦੀਰ ਨਾ ਬਦਲੀ ਲੋਕਾਂ ਦੀ

* ਰਤਨ ਸਿੰਘ, ਸੰਤੋਖ ਸਿੰਘ, ਤੇਜਾ ਸਿੰਘ ਸੁਤੰਤਰ, ਦਾਦਾ ਅਮੀਰ ਹੈਦਰ, ਕੁਰਬਾਨ ਇਲਾਹੀ, ਰਾਮ ਕ੍ਰਿਸ਼ਨ ਇਹ ਸਾਰੇ ਗ਼ਦਰ-ਕਿਰਤੀ ਪਾਰਟੀ ਦੇ ਆਗੂ ਸੀ। ਆਖ਼ਿਰ ਨਹਿਰੂ ਨੇ ਅਜੀਤ ਸਿੰਘ ਨੂੰ ਆਜ਼ਾਦ ਭਾਰਤ ਦੀ ਸਰਕਾਰ ਬਣਨ ਵੇਲੇ ਵਤਨ ਸੱਦਿਆ ਸੀ। ਅਜੀਤ ਸਿੰਘ ਚੌਦਾਂ ਪੰਦਰਾਂ ਅਗਸਤ ਸੰਨ ਸੰਤਾਲ਼ੀ ਦੀ ਰਾਤ ਨੂੰ ਪੂਰੇ ਹੋਏ ਸਨ। ਰਵਾਇਤ ਹੈ ਕਿ ਉਨ੍ਹਾਂ ਆਖ਼ਿਰੀ ਸਾਹ ਲੈਣ ਵੇਲੇ ਅਪਣੀ ਪਤਨੀ ਹਰਨਾਮ ਕੌਰ ਦੇ ਪੈਰੀਂ ਪੈ ਕੇ ਚੰਗਾ ਪਤੀ ਨਾ ਬਣ ਸਕਣ ਦੀ ਭੁੱਲ ਬਖ਼ਸ਼ਾਈ ਸੀ। ਕਾਗ਼ਜ਼ਾਂ ਵਿਚ ਨਹਿਰੂ ਦੀ ਤਸਦੀਕ ਕੀਤੀ ਅਜੀਤ ਸਿੰਘ ਦੀ ਤਸਵੀਰ ਪਈ ਹੈ, ਜੋ ਉਨ੍ਹਾਂ ਨੇ ਸੰਨ 40 ਵਿਚ ਅੰਗਰੇਜ਼ ਹਾਕਮਾਂ ਨੂੰ ਪਾਸਪੋਰਟ ਵਾਸਤੇ ਅਰਜ਼ੀ ਦੇ ਨਾਲ਼ ਘੱਲੀ ਸੀ। ਅਰਜ਼ੀ ਰੱਦ ਹੋ ਗਈ ਸੀ।

## ਰਿਚਮੰਡ ਪਾਰਕ ਵਿਚ 2 ਅਪ੍ਰੈਲ ਸੰਨ 2005 ਦਾ ਦਿਨ

ਲੋਕ ਵਹੀਰਾਂ ਘੱਤ ਕੇ ਆਏ ਬਾਗ਼ ਦੇ ਅੰਦਰ ਧੁੱਪ ਦਾ ਮੇਲਾ

ਹਵਾ ਮਹਿਕਦੀ ਫੁੱਲ ਖਿੜੇ ਸਨ ਦਿਨ ਖਿੜਿਆ ਸੀ

ਕਾਟੋ ਕਾਂ ਕਬੂਤਰ ਉਡਦੇ ਚੋਗਾ ਚੁਗਦੇ

ਜਾਂਦਾ ਖੌਰੂ ਪੌਂਦਾ ਜਹਾਜ਼ ਹਵਾਈ ਕਿਹੜੇ ਦੇਸ ਉੜਿਆ ਸੀ

ਉੱਚੇ ਲੰਮੇ ਰੁੱਖ ਦੇ ਹੇਠਾਂ
ਕੁਝ ਬੰਦੇ ਸਿਰ ਜੋੜ ਖਲੋਤੇ
ਜਣੇ ਖਿਲਾਰੀ ਰਾਖ ਘਾਹ ਦੇ ਉੱਤੇ ਮੋਏ ਘਰ ਦੇ ਜੀਅ ਦੀ
ਫਿਰ ਤ੍ਰੌਂਕਣ ਲੱਗਾ ਪਾਣੀ

ਮਿੱਟੀ ਮਿੱਟੀ ਦੇ ਗਲ਼ ਲੱਗੀ
ਚੁੱਪ-ਚਪੀਤੀ ਡੁਸਕਣ ਲੱਗੀ ਬੁੱਢ ਸੁਆਣੀ
ਮੋਢੇ 'ਤੇ ਹੱਥ ਦਏ ਦਿਲਾਸਾ ਆਖੇ ਬੰਦਾ:
ਨਾ ਰੋਵੋ  ਨਾ ਰੋਵੋ  ਜਾਨਮ
ਨਾ ਰੋਵੋ  ਮਤ ਰੋਵੋ

ਸੁੱਕੇ ਰੁੱਖ ਦੇ ਮੁੱਢ ਦੇ ਉੱਤੇ ਬੱਚਾ ਗੁੰਮਸੁੰਮ ਬੈਠਾ
ਡੈਡੀ ਫ਼ੋਟੋ ਖਿੱਚਣ ਲੱਗਾ
ਪਾਸੇ ਮਾਂ ਖਲੋਤੀ ਮੂੰਹ ਚਿੜਾਵੇ ਰੌਲ਼ੀ ਪਾਵੇ
ਮੁਸਕਾਵੋ ਮੁਸਕਾਵੋ ਬਾਲਕ
ਹੱਸੋ    ਹੱਸੋ    ਹੱਸੋ
ਜਦ ਬੱਚੇ ਨੂੰ ਹਾਸਾ ਆਇਆ  ਡੈਡੀ ਬਟਣ ਦਬਾਇਆ

ਸੰਜੋਗਾਂ ਦੇ ਰੱਥ ਵਿੱਚੋਂ ਉੱਤਰੇ    ਦੁਲਹਾ ਦੁਲਹਨ
ਨੱਢੀਆਂ ਆਈਆਂ ਲਹਿੰਗੇ ਪਾ ਕੇ    ਧਰਤੀ ਦੀ ਲੌਣ ਲੁਆ ਕੇ
ਬੱਜਣ ਲੱਗਾ ਬਾਜਾ  ਢੋਲ ਦੀ ਥਪ ਥਪ   ਲਿਸ਼ਕਣ ਨੈਣ ਸ਼ਰਾਬੀ
ਸਾਜ਼ ਆਖਦੇ:
ਨੱਚੋ    ਨੱਚੋ    ਨੱਚੋ

ਕੈਸਾ ਉਸ ਦਿਨ ਬਾਗ਼ ਸੁਹਾਵੇ ਅੰਦਰ  ਜਗ ਵਾਲ਼ਾ ਮੇਲਾ ਭਰਿਆ ਸੀ

## ਅੱਜ ਦੇ ਦਿਨ

ਅੱਜ ਦੇ ਦਿਨ ਤਾਂ ਹੱਦ ਹੋ ਗਈ
ਅਪਣੀ ਹੱਦ ਦਾ ਪਤਾ ਲਗ ਗਿਆ ਅੱਜ ਦੇ ਦਿਨ

ਕਿੰਨਾ ਕੁਝ ਸੀ, ਯਾਦ ਰਿਹਾ ਨਾ
ਅੱਜ ਫਿਰ ਚੜ੍ਹਿਆ ਭੁੱਲਣ ਦਾ ਦਿਨ

ਖ਼ਿਆਲ ਤੇਰੇ ਦੀ ਬਿਜਲੀ ਡਿੱਗੀ
ਬੱਦਲ਼ ਗਰਜੇ ਮੋਰ ਨਚਾਇਆ ਅੱਜ ਦੇ ਦਿਨ

ਨਾ ਹੀ ਲਿੱਖੀ, ਨਾ ਆਈ ਕਿਸੇ ਦੀ
ਅਪਣੇ ਆਪ ਨਾ' ਗੱਲ ਨ ਕੀਤੀ ਅੱਜ ਦੇ ਦਿਨ

ਨਾਨਕ ਨਾਮ ਨੂੰ ਚੇਤੇ ਰੱਖਿਆ
ਸੱਚਾ ਸੁੱਚਾ ਰਿਜ਼ਕ ਕਮਾਇਆ ਅੱਜ ਦੇ ਦਿਨ

ਇਸ ਹਸਤੀ ਦੀ ਮੁਕਤੀ ਖ਼ਾਤਿਰ ਮੈਂ
ਜੰਗਲ਼ ਨੂੰ ਨਈਂ ਘਰ ਨੂੰ ਨੱਸਿਆ ਅੱਜ ਦੇ ਦਿਨ

ਕਾਨੀ ਨੇ ਕਾਗਤ ਅੱਗੇ, ਕਾਗਤ ਨੇ ਕਾਨੀ ਦੇ ਅੱਗੇ
ਫਿਰ ਸੀਸ ਨਿਵਾਇਆ ਅੱਜ ਦੇ ਦਿਨ

ਅੱਜ ਦਾ ਦਿਨ ਬੜਾ ਸੀ ਲੰਮਾ
ਰੱਬ ਰੱਬ ਕਰਕੇ ਰਾਤ ਪਈ ਹੈ ਅੱਜ ਦੇ ਦਿਨ

## ਖਿਲਾੜੀ

ਹੁਣੇ ਈ ਇਸ ਪਲ ਖਿਲਾੜੀ ਨੇ ਕੀ ਸੋਚਿਆ?
ਠੁੱਡ ਮਾਰ ਕੇ ਫ਼ੁਟਬਾਲ ਨੂੰ ਉਪਰ ਸੁੱਟਿਆ
ਤੇ ਝਟ ਕੁ ਉਸਨੂੰ ਹਵਾ ਚ ਟਿਕਿਆ ਨਜ਼ਰੀਂ ਆਇਆ
ਫ਼ੁਟਬਾਲ ਦੀ ਅੱਖ ਚ ਅੱਖਾਂ ਪਾ ਕੇ ਤੱਕਿਆ
ਤਾਂ ਉਸ ਪਲ ਉਹ ਕੀ ਸੋਚਦਾ ਹੋਵੇਗਾ?

ਉਹ ਪਲ ਤਾਂ ਰਸਿਆ ਫਲ ਸੀ
ਟਾਹਣੀ ਨਾਲ਼ੋਂ ਟੁੱਟ ਕੇ ਡਿੱਗਣ ਲੱਗਾ

ਉਹ ਪਲ ਤਾਂ ਬੇਸੁਰਤਾ ਸੀ
ਭੋਗ ਕਮਾਉਂਦੇ ਜੋਗੀ ਛੁੱਟਣ ਲੱਗੇ
                    ਮੋਹ ਮਾਯਾ ਤੋਂ

ਉਸ ਪਲ ਕਿੰਨੀਆਂ ਅੱਖਾਂ
ਇੱਕੋ ਅੱਖ ਨਾ' ਦੇਖ ਰਹੀਆਂ ਸਨ?

ਇਹ ਖੇਡ ਹੈ ਕੈਸੀ
ਜੋ ਖਿਲਾੜੀ ਖੇਲਣ ਲੱਗਿਆ ਜਿੱਤਣ ਦੇ ਲਈ?
ਉਸਨੂੰ ਪਤਾ ਨਹੀਂ ਹੈ –
ਉਸਨੇ ਆਖ਼ਿਰ ਹਾਰ ਹੈ ਜਾਣਾ?

## ਸਮ

*ਭਾਈ ਬਲਦੀਪ ਸਿੰਘ ਨਿਮਿਤ*

ਤਾਊਸ ਤਾਰ ਨੂੰ ਛੁਹਿਆ ਗ਼ਜ਼ ਨੇ
ਮਨ ਅੰਤਰ ਮੋਰ ਕੂਕਿਆ
ਘੋੜੇ ਦੇ ਸੁੰਮ ਵੱਜੇ  ਕੰਬੇ      ਚੰਗਿਆੜੇ ਨਿਕਲ਼ੇ

ਪੈਰ ਰਕਾਬਾਂ ਸਾਂਭ ਕੇ ਰੱਖੇ
ਨਾਲ਼ ਹਵਾਵਾਂ        ਅੱਯਾਲ਼ਾਂ ਕਰਨ ਅਦਾਵਾਂ
ਰੱਖਿਆ ਅਗਲਾ ਕ਼ਦਮ ਤਮੰਨਾ                    ਪਾਰ ਦੁਮੇਲਾਂ

ਜੋੜੀ      ਜੋੜੀ ਸੁਰ ਨਾਦ ਅਨਾਹਦ

ਜੋੜੀ ਅਪਣੀਂ ਹੱਥੀਂ ਲਕੜੀ ਵਣ ਵਣ ਦੀ
ਕਿਰਤ ਹੱਥਾਂ ਦੀ ਸੰਦ–ਸੰਦੇੜੇ
ਬੱਕਰੇ ਖ਼ੈਰ ਮਨਾਈ           ਕੀਤੀ ਉਹਦੇ ਚੰਮ ਦੀ ਜੋੜੀ

ਸਾਜ਼ ਦੀ ਤਣ ਤਣ
ਤਾਰ ਦੇ ਉੱਤੇ ਗ਼ਜ਼ ਫੇਰਿਆ
ਤਰਬਾਂ ਛਿੜੀਆਂ              ਜ਼ਰਬਾਂ ਭਿੜੀਆਂ

ਤਾਰ ਦੇ ਉੱਤੇ ਗ਼ਜ਼ ਫੇਰਿਆ
ਰੱਖਿਆ ਸਿਰ ਦੇ ਉੱਤੇ ਹੱਥ ਗੁਰੂ ਨੇ

ਜੋੜੀ ਖ਼ੂਬ ਸੁਹਾਈ
ਵਾਹੁ ਵਾਹੁ ਰਿਜ਼ਕ ਦੀ ਮਹਿਮਾ
ਦਾਣਾ ਉੱਗਿਆ     ਪੱਕਿਆ   ਪਿਸਿਆ
ਗੁੰਨ੍ਹਿਆ ਆਟਾ     ਮੁੱਖ ਛੁਹਾਇਆ     ਧੰਮ ਧੰਮ ਕਰਦਾ

ਤ੍ਰਿੱਖਾ ਵਾਣੀ     ਕਿਣਮਿਣ ਕਣੀਆਂ
ਘਨ ਘਨਾ ਘਨਘੋਰ ਬੱਦਲ਼ ਗਰਜੇ

ਸਾਹੋ ਸਾਹੀ     ਵਾਹੋ ਦਾਹੀ
ਨੀਲਾ ਜਿੱਥੋਂ ਤੁਰਿਆ     ਓਥੇ ਰੁਕਿਆ     ਪਾਣੀ ਪੀਤਾ

ਫਿਰ ਉਸਨੇ ਸਿਰ ਰੱਖਿਆ ਅਪਣੇ ਮਾਲਿਕ ਦੀ ਹਿੱਕ ਉੱਤੇ

ਤਨ ਠਰਿਆ     ਤਪ ਤਪ ਕਰਦਾ
ਮਨ ਭਰਿਆ     ਜਪੁ ਜਪੁ ਕਰਦਾ

* *ਨਾਨਕਸ਼ਾਹੀ ਰਬਾਬ ਦਾ ਗ਼ਜ਼ ਘੋੜੇ ਦੇ ਵਾ਼ਲਾਂ ਦਾ ਬਣਦਾ ਹੈ। ਸਮ ਮੁੱਢਲੀ ਤੇ ਅੰਤਲੀ ਸੁਰ ਨੂੰ ਕਹੀਦਾ ਹੈ।*

## ਹੁਣ ਸੰਗੀਤ

ਹੁਣ ਤਾਂ ਸੁਰ ਸੰਗੀਤ ਵੀ ਸੱਲ੍ਹਦਾ

ਕਣੀ ਡਿਗਦੀ ਹੈ ਕੋਮਲ ਕੋਮਲ
ਮਚਦੇ ਪਿੰਡੇ ਉੱਤੇ
ਤ੍ਰਿੱਖਾ ਵਧਦੀ     ਘਟਦੀ ਨਹੀਂ ਹੈ

ਨਾ਼ਲ ਸੁਰਾਂ ਦੇ ਦੱਬਿਆ ਵੇਲਾ ਜਾਗੇ
ਸਭ ਕੁਛ ਡਿੱਠਾ ਨਜ਼ਰੀਂ ਆਵੇ
ਦੇਖ ਨ ਹੁੰਦਾ     ਪੀੜ ਘਣੇਰੀ ਹੁੰਦੀ

ਸਤ ਸੁਰਾਂ ਦੇ ਪਿੰਜਰੇ ਵਿੱਚੋਂ ਪੰਛੀ ਉੜਨਾ ਚਾਹਵੇ
ਉੜ ਨ ਹੁੰਦਾ
ਪਿੰਜਰਾ ਪਿੰਜਰੇ ਦੇ ਵਿਚ ਫਸਿਆ
ਸੁਰ ਪੰਖਣੂ ਸ਼ਬਦ ਕਰੇ ਹੈ
ਕੂਕੇ     ਕੁਰਲਾਵੇ ਆਲ੍ਹਣਾ ਕਿੱਥੇ

ਲੱਦ ਗਏ ਗਾਣੇ ਵਾ਼ਲੇ
ਤੁਰ ਗਏ ਸੱਜਣ
ਮਰ ਕੇ ਵੀ ਚੈਨ ਨਹੀਂ ਹੈ
ਆਪ ਦੁਖੀ ਹਨ
ਹੋਰਾਂ ਨੂੰ ਵੀ ਕਰਦੇ ਆ ਕੇ
ਨਿਤ ਪ੍ਰਾਹੁਣੇ ਬੈਠੇ ਬਿਟ-ਬਿਟ ਤੱਕਦੇ
ਅੱਖਾਂ ਭਰਦੇ     ਕੂੰਦੇ ਨਹੀਂ ਹਨ

ਨਾ਼ਲ ਉਨ੍ਹਾਂ ਦੇ ਮਰ ਨਹੀਂ ਹੁੰਦਾ
ਏਨਾ ਜੇਰਾ ਕਰ ਨਹੀਂ ਹੁੰਦਾ

ਸੁਰ ਸੰਗੀਤ ਸੁਣ ਨਹੀਂ ਹੁੰਦਾ
ਇਸ ਵੇਲੇ ਸੰਗੀਤ

ਇਸ ਵੇਲੇ ਸੰਗੀਤ ਹੋ ਰਿਹਾ ਹੈ

ਇਹ ਵੇਲਾ ਉਂਜ ਦਾ ਹੀ ਹੈ
ਜਿਵੇਂ ਦਾ ਸੰਗੀਤ

ਸਾਜ਼ ਸ਼ਬਦ ਕਰ ਰਹੇ
ਤ੍ਰੇਲ਼-ਭਿੱਜੇ ਘਾਹ ਨੂੰ ਕੋਸਾ ਕੋਸਾ ਸੂਰਜ ਛੁਹੰਦਾ
ਜਿਨ੍ਹਾਂ ਨੂੰ ਰਾਤ ਨੀਂਦ ਨਹੀਂ ਪਈ
ਹੁਣ ਸੁੱਤੇ ਪਏ ਹਨ
ਪਰਦੇ ਦੀ ਝੀਤ ਥਾਣੀਂ ਲੋਅ ਹੁਣੇ ਈ ਅੰਦਰ ਆਈ ਸੀ
ਤੇ ਸੁੱਤਿਆਂ ਨੂੰ ਦੇਖ ਚਲੇ ਗਈ

ਇਸ ਵੇਲੇ ਨਾ ਖ਼ੁਸ਼ੀ ਨਾ ਗ਼ਮੀ ਹੈ
ਨਾ ਦਿਨ ਨਾ ਰਾਤ
ਨਾ ਚੜ੍ਹਦੀ ਨਾ ਲਹਿੰਦੀ
ਬਸ ਵਹਿੰਦੀ ਕਲਾ ਹੈ

ਉਹੀ ਹੈ ਧੁੱਪ        ਉਹੀਓ ਹੈ ਘਾਹ
ਸਵੇਰ ਸ਼ਾਮ ਚ ਬੱਝਾ ਹੈ ਸਮਾਂ
ਉਂਜ ਹੀ ਧਰਤੀ ਘੁੰਮੀ ਜਾਂਦੀ ਹੈ
ਮੈਂ ਉਵੇਂ ਹੀ ਸਾਹ ਲੈ ਰਿਹਾ
ਦਰਸ਼ਨ ਕਰਦਾ      ਲਿਖ ਰਿਹਾ          ਪੜ੍ਹ ਰਿਹਾ

ਇਸ ਤਸਵੀਰ ਵਿਚ ਕਿੰਨਾ ਕੁਝ ਹੈ –
ਸਾਜ਼      ਘਾਹ      ਆਸ਼ਿਕ਼   ਪਰਦਾ
ਸੂਰਜ     ਧਰਤੀ    ਮੈਂ
ਇਸ ਵੇਲੇ ਦੀ ਤਸਵੀਰ ਬੋਲਦੀ ਹੈ

## ਮੋਟਰਵੇਅ

ਰੀਲ ਲਾਉਂਦਾ ਹਾਂ ਕਾਰ ਵਿਚ
ਯਮਨ ਰਾਤ ਦਾ ਰਾਗ ਵੱਜਣ ਲਗਦਾ ਹੈ

ਇਥੇ ਹੈ ਦੂਜਾ ਪਹਿਰ
ਸੋਚਦਾ ਹਾਂ ਰਾਤ ਪਈ ਹੋਵੇਗੀ ਨਕੋਦਰ ਵਿਚ
ਸੁੰਞੀ ਸੜਕ ਕੰਢੇ ਸੁੱਤਾ ਹੋਵੇਗਾ ਘਰ
ਜਿਥੇ ਮੇਰੇ ਸੁਪਨੇ ਜਵਾਨ ਹੋਏ ਸਨ

ਰਾਤ ਦਾ ਰਾਗ ਦਿਨੇਂ ਵੱਜਦਾ ਹੈ ਪਰਦੇਸ ਵਿਚ
ਵੇਲੇ ਤੋਂ ਅੱਗੇ ਹੁੰਦਾ ਹੈ ਪਰਦੇਸੀ
ਉਹ ਦਿਨ ਨੂੰ ਰਾਤ ਕਰ ਲੈਂਦਾ ਹੈ ਪਰਦੇਸ ਵਿਚ

ਕਾਲ਼ ਤੋਂ ਖੁੰਝੀ ਸੁਰ ਆਲਾਪ ਕਰਦੀ ਹੈ
ਛਾਂ ਤੋਂ ਵਿਛੜੀ ਵਿਹੜੇ ਦੀ ਬੇਰੀ ਗਾਉਂਦੀ ਹੈ

ਹੁਣ ਹਉਕੇ ਨਹੀਂ ਆਉਂਦੇ
ਯਾਦਾਂ ਨਾਲ਼ ਲੱਦੀ ਕਾਰ ਨੱਸੀ ਜਾਂਦੀ ਹੈ
ਮੋਟਰਵੇਅ ’ਤੇ
ਨਾਲ਼ ਸੰਗਤ ਕਰਦੀ ਹੈ ਆਵਾਜ਼
ਕਾਸ਼ੀਨਾਥ ਬੋਦਾਸ ਦੀ

## ਪੰਛੀ

ਪੰਛੀ ਨੇ ਮਿੱਟੀ ਵਿਚ ਸ਼ਾਹਬਲੂਤ ਦਾ ਬੀਅ ਬੀਜਿਆ
ਰੁੱਖ ਦੇ ਫਲ ਦਾ ਬੀਅ

ਪੰਛੀ ਨੇ ਰੁੱਖ ਬੀਜਿਆ

ਬੀਅ ਵਿਚ ਲੁਕੀਆਂ –
ਧੁੱਪਾਂ     ਛਾਵਾਂ     ਰਾਤ ਤੇ ਦਿਨ
ਬੱਦਲ਼     ਭਿੰਨੀ ਰੈਣ
ਬਾਰਾਂਮਾਂਹ     ਸਤਵਾਰੇ     ਚੁੰਮਣ
ਸਰਦਲ     ਕਾਟੋ ਦਾ ਘਰ     ਵਣ ਤ੍ਰਿਣ

ਪੰਛੀ ਨੇ ਅਗਨੀ ਬੀਜੀ
ਰਿਜ਼ਕ ਪਕਾਉਂਦੀ ਤਨ ਠਾਰਦੀ

ਪੰਛੀ ਨੇ ਆਲ੍ਹਣਾ ਪਾਇਆ
ਅਪਣੇ ਘਰ ਮੁੜ ਆਇਆ ਪੰਛੀ

ਸਭ ਕੁਛ ਹਰਫ਼ੋਂ ਬਾਹਰਾ ਹੋਇਆ
ਪੰਛੀ ਨੇ ਜਦੋਂ ਸ਼ਬਦ ਬੀਜਿਆ

** ਨੀਲਕੰਠ (Jay) ਅਪਣੀ ਚੁੰਝ ਨਾਲ਼ ਸ਼ਾਹਬਲੂਤ (Oak) ਰੁੱਖ ਦਾ ਬੀਅ ਮਿੱਟੀ ਵਿਚ ਬੀਜਦਾ ਹੈ।*

## ਮੈਂ ਦਾਨਾ ਦੀਵਾਨਾ

ਮੈਂ ਦਾਨਾ ਦੀਵਾਨਾ
ਲਿਖ ਲਿਖ ਪੁਰਜ਼ੇ ਰੱਖੀ ਜਾਨਾਂ
ਏਥੇ ਓਥੇ ਕਿਥੇ ਕਿਥੇ ਝੀਤਾਂ ਗੁੱਠਾਂ
ਫਿਰ ਉਠਾ ਕੇ ਪੜ੍ਹਨੇ ਲਗਨਾਂ
ਸੱਚ ਨਾ ਆਉਂਦਾ ਮੈਂਹੀਉਂ ਲਿਖਿਆ
ਘੁੱਗੂ ਘੋੜੇ
ਅੱਡਾ ਖੱਡਾ ਕਾਟੇ ਮਾਟੇ
ਗਿਣਤੀ ਮਿਣਤੀ
ਇੱਕ ਤੇ ਊੜਾ
ਉੱਤੇ ਹੇਠਾਂ
ਹੇਠਾਂ ਉੱਤੇ
ਸੱਜੇ ਖੱਬੇ
ਵਹਿੰਦਾ ਜਾਂਦਾ ਪਾਣੀ ਉੱਤੇ
ਮੀਂਹ ਵਰ੍ਹਦਾ ਪਰ ਕਣੀ ਨਾ ਡਿਗਦੀ

ਕੈਸੀ ਰਚਨਾ ਆਪ ਬਣੀ
ਕੈਸੀ ਰਸਨਾ ਉਚਰੀ ਵਾਣੀ
ਜਿਸ ਵੀ ਉਚਰੀ ਉਹ ਮੈਂ ਨਹੀਂ ਸਾਂ
ਜੋ ਮੈਂ ਕੱਲ੍ਹ ਸੀ ਉਹ ਅੱਜ ਨਹੀਂ ਹਾਂ
ਜੋ ਅੱਜ ਹਾਂ ਉਹ ਕੱਲ੍ਹ ਨਹੀਂ ਹੋਣਾ

ਉਹ ਸੀ ਕੋਈ ਬਾਲ ਅਞਾਣਾ
ਦਾਨਾ ਦੀਵਾਨਾ ਕੱਲਾਕਾਰਾ ਪ੍ਰੇਮ ਭਿਖਾਰੀ
ਗੱਲਾਂ ਕਰਦਾ ਮਿਤਰਾਂਚਾਰੀ
ਵਾਂਙ ਭਰਾਵਾਂ ਪੁਤਰਾਂ ਸੇਤੀ
ਬਾਪ ਕਿਸੇ ਦਾ
ਜਿਸ ਵੀ ਲਿਖਿਆ ਉਹ ਮੈਂ ਨਹੀਂ ਸੀ
ਹੋਰ ਕੋਈ ਸੀ ਸੁਪਨੇ ਮਿਲ਼ਿਆ
ਕਿਥੇ ਮਿਲ਼ਿਆ ਯਾਦ ਨਹੀਂ
ਨਕਸ਼ ਪਛਾਣਾਂ ਧੁੰਦਲੇ-ਧੁੰਦਲੇ
ਹਰ ਪਲ ਸੋਚਾਂ ਲੋਚਾ ਬਦਲੇ
ਇੱਕੋ ਲੋਚਾ ਕਿੰਨੀਆਂ ਸੋਚਾਂ
ਫੜਨਾ ਚਾਹਵਾਂ ਹੱਥ ਨਾ ਆਵੇ ਮੱਛੀ ਉੜਦੀ
ਨਿਤ ਬਦਲਦੇ ਰੰਗ ਦੇਖਦਾਂ
ਨਾਮ ਕੋਈ ਨਾ ਜਾਣਾ
ਅੱਖਰ ਪੈਂਤੀ ਰੰਗ ਹਜ਼ਾਰਾਂ

ਅੱਖਰ ਅੱਖਰ ਜੁੜਦਾ
ਮਾਲ਼ਾ ਬਾਣੀ ਸੋਚ ਦਾ ਧਾਗਾ
ਪਾ ਤੜਾਗੀ ਨੰਗੀ ਨੱਚੇ ਲੱਜਿਆਵੰਤੀ
ਹੱਥ ਜੇ ਲਾਵਾਂ ਛੂਈਮੂਈ ਹੁੰਦੀ
ਮਾਲ਼ਾ ਟੁੱਟਦੀ ਅੱਖਰ ਖਿਰਦੇ
ਰਾਹ ਦੇ ਕੰਡੇ ਪਲਕਾਂ ਚੁੱਗਣ

ਨਿਤ ਜੰਮਦੇ ਨਿਤ ਮਰਦੇ ਦਾ ਨਾਮ ਭਲਾ ਕੀ ਹੋਵੇ
ਜਦ ਵੀ ਸੁੱਤਿਆਂ ਮਿਲ਼ ਜਾਂਦਾ ਉਹ
ਸਞਾਣ ਸਕਾਂ ਨਾ
ਅਪਣੇ ਆਪ ਨੂੰ ਜਾਣ ਸਕਾਂ ਨਾ

ਲਹਿਰਾਂ ਅੱਖਰ ਬੱਦਲ਼ ਅੱਖਰ ਕੌਣ ਪੜ੍ਹੇਗਾ
ਕੌਣ ਗੁੜ੍ਹੇਗਾ ਸਾਹ ਸਾਹ ਅੱਖਰ

## ਏਨਾ ਬਹੁਤ ਹੈ

ਏਨਾ ਬਹੁਤ ਨਹੀਂ ਕਿ ਤੂੰ ਜ਼ਿੰਦਾ ਹੈਂ?
ਖ਼ੁਸ਼ੀ? ਖ਼ੁਸ਼ੀ ਤਾਂ ਕਿਤੇ ਨਹੀਂ ਹੈ
ਜੋ ਨਹੀਂ ਲਭਣੀ ਉਹ ਕਾਹਤੋਂ ਲਭਣੀ
ਬੇਵੱਸ ਲੋਚਾ ਲੋਚਾ ਦੁੱਖ ਹੈ

ਏਨਾ ਬਹੁਤ ਹੈ –
ਚਲਦੀ ਗੱਡੀ
ਗਰਭਵਤੀ ਦੇ ਬੈਠਣ ਲਈ ਉਠ ਕੇ ਖੜ੍ਹਨਾ

ਨਾਲ਼ ਸੰਗੀ ਦੇ ਹੱਸ ਕੇ ਮਿਲਣਾ
ਪੁਤ ਅਪਣੇ ਦਾ ਮੱਥਾ ਚੁੰਮਣਾ
ਉਸ ਨੂੰ ਮਨ ਵਸਾ ਕੇ ਰੱਖਣਾ
ਜਿਸਦੀ ਯਾਦ ਚ ਦਿਲ ਧੜਕੇ ਹੈ
ਮਿਤਰਾਂ ਨੂੰ ਹਾਲਮੁਰੀਦਾਂ ਲਿਖਣਾ
ਫਿਰ ਕਾਸਦ ਦਾ ਰਾਹ ਤੱਕਣਾ
ਤੁਰਦੇ ਜਾਣਾ ਹੱਥ ਵਿਚ ਲੈ ਕੇ ਸੱਜਣ ਦਾ ਹੱਥ

ਏਨਾ ਬਹੁਤ ਨਹੀਂ ਕਿ ਮੈਂ ਜ਼ਿੰਦਾ ਹਾਂ?
ਏਨਾ ਬਹੁਤ ਨਹੀਂ ਕਿ ਤੂੰ ਜ਼ਿੰਦਾ ਹੈਂ?

## ਪਾਸ਼ ਨੂੰ ਯਾਦ ਕਰਦਿਆਂ

ਚੰਗਾ ਹੋਇਆ ਮਿਤਰਾ
ਤੇਰੀ ਝਟ ਖ਼ਲਾਸੀ ਹੋਈ

ਮਨ ਦੀ ਸੱਖਣ ਜੇ ਤੂੰ ਭਰਦਾ, ਕਿੰਨੀ ਭਰਦਾ?
ਜਿਸ ਤੋਂ ਹਰ ਨਸ਼ਾ ਹੈ ਛੋਟਾ,
ਉਸ ਦੁੱਖ ਨੂੰ ਜਰਦਾ, ਕਿੰਨਾ ਜਰਦਾ?
ਚੰਗਾ ਹੋਇਆ ਮਿਤਰਾ
ਤੇਰੀ ਝਟ ਖ਼ਲਾਸੀ ਹੋਈ

ਮੈਂ ਜਾਣਾ, ਤੂੰ ਦੁੱਖ ਜੀਉਂਦਾ ਸੀ
ਕਿਉਂ ਲਿਖਦਾ ਨਹੀਂ ਸੀ
ਜਿਸ ਬਿਨਾਂ ਤੂੰ ਹੁੰਦਾ ਨਹੀਂ ਸੀ
ਉਹ ਤੈਨੂੰ ਕਿਉਂ ਮਿਲ਼ਦਾ ਨਹੀਂ ਸੀ
ਮਰ ਕੇ ਹੁਣ ਤਾਂ ਮਿਲ਼ ਗਿਆ ਹੋਣਾ
ਚੰਗਾ ਹੋਇਆ ਮਿਤਰਾ
ਤੇਰੀ ਝਟ ਖ਼ਲਾਸੀ ਹੋਈ

ਤੂੰ ਕਿਉਂ ਸਿਖਰ ਦੁਪਹਿਰੇ ਸੁੱਤਾ
ਤੂੰ ਕਿਹੜਾ ਸੁਪਨਾ ਤੱਕਣਾ ਸੀ
ਚੰਗਾ ਹੈ, ਸੁਪਨੇ ਦੇ ਮਰ ਜਾਣ ਤੋਂ ਪਹਿਲਾਂ
ਆਪ ਹੀ ਮਰਨਾ
ਚੰਗਾ ਹੋਇਆ ਮੋਇਆ ਮਿਤਰਾ
ਤੇਰੀ ਝਟ ਖ਼ਲਾਸੀ ਹੋਈ

## ਪਹੀਆ

*ਕਾਰੀਗਰ ਨੇ ਬਣਾ ਲਏ ਲਾਟੂ*
*ਮੰਮਿਆਂ ਨੂੰ ਦੇਖ ਦੇਖ ਕੇ* – ਲੋਕਗੀਤ

ਰਿੜਦਾ ਪਹੀਆ ਕਿੱਥੋਂ ਆਇਆ?
ਕਿੱਥੋਂ ਆਇਆ ਰਿੜ੍ਹਦਾ ਰਿੜ੍ਹਦਾ ਪਹੀਆ?
ਰਿੜ੍ਹਦਾ ਰਿੜ੍ਹਦਾ ਪਹੀਆ ਓਥੋਂ ਆਇਆ
ਇੱਥੇ ਪੁੱਜਾ ਲੱਖਾਂ ਵਰ੍ਹੇ ਲਗਾ ਕੇ
ਬੰਦੇ ਨੂੰ ਪਹੀਏ ਦਾ ਕਿੰਜ ਫੁਰਨਾ ਫੁਰਿਆ?

ਉਸਨੂੰ ਕਿਸ ਰੁੜ੍ਹਦੀ ਸ਼ੈਅ ਦਾ ਸੁਪਨਾ ਆਇਆ?
ਉਸਨੇ ਬਿੰਦੂ ਫੜਿਆ
ਖੁੱਲ੍ਹਿਆ ਨੁਕਤਾ     ਓਸੇ ਵਿਚ ਧੁਰਾ ਸੀ
ਉਸ ਵਿਚ ਚੰਨ ਸੀ ਓਸੇ ਵਿਚ ਸੂਰਜ
ਉਸਨੇ ਤੁਰਦਾ ਪੱਥਰ ਤੱਕਿਆ
ਟੁੱਟ ਕੇ ਰਿੜਦਾ ਟਿਕਦਾ ਫਲ
ਉਸਨੇ ਦੇਖੇ          ਘਣੇ ਮੇਘਲੇ
ਉਸਨੇ ਅਪਣੇ ਹੱਥੀਂ ਘੜ ਲਏ
ਪੱਥਰ     ਫ਼ਲ     ਤੇ ਬੱਦਲ਼
ਉਪਰ ਚੜ੍ਹ ਅਸਵਾਰੀ ਕਰਨੇ ਲੱਗਿਆ
ਤੇ ਇਥੋਂ ਤੀਕਣ ਆ ਪੁੱਜਾ ਹੈ

ਘੁੰਮਦਾ ਪਹੀਆ
ਕੁੱਲ ਬੰਦੇ ਦਾ ਘੁੰਮਦਾ ਸੁਪਨਾ
ਘੁੰਮਦਾ ਪਹੀਆ
ਸੁਫਨਾ ਤੱਕਦੀ ਰਹਿੰਦੀ ਅੱਖ ਹੈ
ਅਪਣੇ ਥਾਂ 'ਤੇ ਟਿਕਿਆ ਪਹੀਆ॥

* ਸਾਇੰਸਦਾਨ ਦੱਸਦੇ ਹਨ ਕਿ ਹੁਣ ਤਾਈਂ ਇਨਸਾਨੀ ਤਵਾਰੀਖ਼ ਵਿਚ ਤਿੰਨ ਵੱਡੀਆਂ ਗੱਲਾਂ ਹੋਈਆਂ ਹਨ – ਪਹੀਏ ਦਾ ਬਣਨਾ, ਇਨਸਾਨ ਦਾ ਚੰਦ ਉੱਤੇ ਉਤਰਨਾ ਅਤੇ ਘਣਨਏ 22 ਦਾ ਖੁੱਲ੍ਹਣਾ; ਅਤੇ ਇਹ ਕਿ ਇਸ ਜੀਨ ਦੀ ਖੋਜ ਨਾਲ਼ ਸਾਰੇ ਰੋਗ ਕੱਟੇ ਜਾਣਗੇ।

## ਓਦੋਂ

ਓਦੋਂ ਕੋਈ ਅੰਬ ਨਹੀਂ ਸੀ ਵੇਚਦਾ
ਅੰਬ ਵੇਚਣਾ ਘੋਰ ਪਾਪ ਸੀ
ਓਦੋਂ ਫ਼ਲ ਸਾਰਿਆਂ ਦਾ ਸਾਂਝਾ ਸੀ
ਅੰਬ ਲਾਵਣਾ ਅੰਬ ਪਾਲਣਾ ਤੇ ਖਾਵਣਾ ਪੁੰਨ ਸੀ
ਓਦੋਂ ਅੰਬ ਬੜਾ ਮਿੱਠਾ ਸੀ
ਚਾਅ ਚੜ੍ਹ ਜਾਂਦਾ ਸੀ ਗੁਠਲੀ ਨੂੰ ਜੰਮ ਕੇ
ਰੁੱਖ ਫ਼ਲ ਜਣ ਕੇ
ਬੂਰ ਦੀ ਸੁਗੰਧ ਹਵਾ ਗਦਰਾਂਵਦੀ
ਮੋਰ ਰੋਂਦੇ ਰੋਂਦੇ ਨੱਚਦੇ          ਫਿਰ ਹੱਸਦੇ

ਓਦੋਂ ਅੰਬ ਦੇ ਕਈ ਨਾਂ ਹੋਂਵਦੇ
ਅੰਬਰਸੀਏ ਨਾ' ਸਿਰ ਢਕ ਕੇ ਸੁਆਣੀਆਂ
ਧਿਆਉਂਦੀਆਂ ਅੰਬਾਂ ਵਾਲ਼ਾ ਦੇਵਤਾ
ਨਿਮਸ਼ਕਾਰ ਕਰਦੀਆਂ ਭਰਦੀਆਂ ਝੋਲ਼ੀਆਂ
ਮਿੱਠੇ ਮਿੱਠੇ ਅੰਬਾਂ ਨਾਲ਼
ਜਣਾ ਚੂਪਦਾ ਸੀ ਅੰਬ ਅੱਖਾਂ ਮੁੰਦ ਕੇ
ਊਂ ਊਂ ਕਰਦਾ ਭੋਗ ਲਾਂਵਦਾ
ਬੁੱਲ੍ਹ ਜਣੀ ਦੇ ਮਿੱਠੇ ਹੋਂਦੇ ਜਾਂਦੇ ਸਨ
ਆਪ ਆਪੇ

ਓਦੋਂ ਅੰਬ ਹੋਰ ਸੀ

## ਅੰਬਾਂ ਦੀ ਪੈਲ

ਸੱਤਾਂ ਪਰਦਿਆਂ ਚ
ਦਿਨ ਦੇ ਅੰਨ੍ਹੇਰੇ ਵਿਚ
ਅੰਬਾਂ ਦੀ ਪੈਲ ਪੈ ਰਹੀ ਹੈ

ਕੱਚੇ ਕੱਚੇ ਫਲ਼ ਪਕ ਰਹੇ ਹਨ
ਅੰਦਰ ਬਾਹਰ ਰੰਗ ਬਦਲ ਰਹੇ ਹਨ ਹੌਲ਼ੀ ਹੌਲ਼ੀ
ਹਰਾ ਸੰਧੂਰੀ ਸੰਧੂਰੀ ਅੰਬ-ਰੰਗਾ ਹੁੰਦਾ ਜਾਂਦਾ ਹੈ

ਕੋਈ ਚੇਤੇ ਕਰਕੇ ਜੀਭ ਬੁੱਲ੍ਹਾਂ 'ਤੇ ਫੇਰਦਾ ਹੈ
ਟੋਂਹਦਾ ਹੈ ਪਲ਼ੋਸਦਾ ਹੈ ਚੂਪਦਾ ਹੈ

ਅੰਬ ਪੈਲ ਪਾ ਰਹੇ ਹਨ
ਮਿੱਟੀ ਨੂੰ ਰੁੱਖ ਨੂੰ ਯਾਦ ਕਰਦਾ
ਸਵਾਦ ਪੱਕ ਰਿਹਾ ਹੈ

ਅੰਬ ਹੌਲ਼ੀ ਹੌਲ਼ੀ ਰਸਣ ਲੱਗੇ ਹਨ
ਪਰਦੇਸੀਆਂ ਦੀ ਉਡੀਕ ਵਿਚ

…

ਵੈਰਾਗੀ ਦਿਲ ਧੜਕ ਰਿਹਾ ਵਾਹੋਦਾਹੀ
ਮਚਦੀ ਕਾਯਾ ਵੇਗਾਂਮੱਤੀ ਸੇਜ ਮਾਣਦੀ
ਕਿਹੜੀਆਂ ਸੋਚਾਂ ਅੜੀਏ
ਤੇਰੀਆਂ ਅੱਖੀਆਂ ਵਿਚ ਵਹਿ ਤੁਰੀਆਂ

ਉਮੜ੍ਹ ਕੇ ਆਇਆ ਹਿਜਰ ਦਾ ਵੇਲਾ
ਬੱਦਲ਼ਾਂ ਵਾਂਙੂੰ
ਵਰ੍ਹਦੇ ਤਪਦੇ ਤਨ ਦੇ ਉੱਤੇ
ਮਿਲ਼ਿਆ ਬੱਦਲ਼ ਨੂੰ ਥੱਲ ਥੱਲ ਨੂੰ ਬੱਦਲ਼
ਸੁੱਕੇ ਚਸ਼ਮੇ ਫੁੱਟੇ
ਝਰਨੇ ਤੋਂ ਉਛਲਣ ਲੱਗਾ ਪਾਣੀ
ਹੰਝੂ ਆ ਕੇ ਡਿੱਗਾ ਝੋਲ਼ੀ ਅੰਦਰ
ਬੂੰਦ ਸਵਾਂਤੀ ਮੋਤੀ ਬਣਨੇ ਲੱਗੀ ਸਹਿਜੇ ਸਹਿਜੇ

ਕੀ ਦਿਲ ਥੋਹੜਾ ਬਹੁਤਾ ਹੋਇਆ
ਜੋ ਹੁਣ ਹੋਂਦਾ ਸੱਚ ਨਈਂ ਔਂਦਾ
ਕਰਮਾਂ ਦਾ ਫਲ਼ ਫਲ਼ ਸਬਰ ਦਾ
ਏਸੇ ਉਮਰੇ ਚੱਖਿਆ
ਤਾਰ ਕਿਹੜੀ ਨੂੰ ਪੋਟਾ ਛੁਹਿਆ
ਵੱਜਣ ਲੱਗੀ ਵਰ੍ਹਿਆਂ ਤੋਂ ਚੁੱਪ ਪਈ ਵੀਣਾ
ਰਾਗੀ ਗਾਵਣ ਲੱਗਾ ਰਾਗ ਬੈਰਾਗੀ
ਚਿੰਤਾ ਨਾ ਕਰ ਨਾ ਰੋ ਬੀਬੀ
ਇਹ ਉੜਦਾ ਕੁਰਲਾਂਦਾ ਵੇਲਾ ਪਿੰਜਰੇ ਪੈ ਨਹੀਂ ਸਕਣਾ
ਮਿਲਣ ਦਾ ਵੇਲਾ
ਇਸ ਨਾ' ਖੰਭ ਮਿਲ਼ਾ ਕੇ ਉੜੀਏ ਬੇਗ਼ਮਪੁਰ ਨੂੰ ਕੁੜੀਏ ਅੜੀਏ

## ਨੇੜੇ

ਦੂਰੋਂ ਦੂਰੋਂ ਆਏ
ਅਸੀਂ ਨੇੜੇ ਨੇੜੇ ਹੋਏ
ਅਸੀਂ ਏਨੇ ਨੇੜੇ ਹੋਏ
ਅਸੀਂ ਦੂ–ਰ ਚਲੇ ਗਏ

ਸਾਹ ਵਿਚ ਸਾਹ ਆਇਆ
ਸੰਖ ਪੂਰਿਆ
ਮੰਗਲ਼ ਬਾਜਾ ਬੱਜਿਆ
ਫੁੱਲਾਂ ਉੱਤੇ ਕਾਟੋ ਨਾਚੀ
ਵਣ ਖ਼ੁਸ਼ਬੋਇਆ
ਪਰਸੀਨੇ ਦੀ ਸੁਰਗੰਧੀ ਨਾਲ਼
ਮੁਰਲੀ ਵੱਜੀ
ਘੋੜਾ ਭੱਜਾ
ਪਿੰਡੇ ਅਪਣਾ ਆਪਾ ਛੁਹਿਆ
ਰੂਹ ਨੇ ਚੁੰਮਿਆਂ ਰੂਹ ਨੂੰ
ਕਾਸਾ ਭਰਿਆ ਕੰਢੇ ਉਛਲ਼ੇ
ਖ਼ੁਸ਼ੀ ਗਈ ਨਾ ਸਾਂਭੀ
ਅਸੀਂ ਕੱਠਿਆਂ ਹਉਕੇ ਲਏ

ਅਸੀਂ ਬੜੇ ਈ ਨੇੜੇ ਹੋਏ

* ਲਹੌਰਨਾਂ ਦੀ ਬੋਲੀ ਵਿਚ ਨੇੜੇ ਹੋਣ ਦਾ ਮਤਲਬ ਹੈ – ਸੇਜ ਮਾਣਨੀ।

## ਸਬਕ

ਖੇਡ ਖੇਡਣੀ ਇਸ਼ਕ ਦੀ, ਨਾ ਕੋਈ ਜਿੱਤ ਨਾ ਹਾਰ
ਸੱਚਾ ਸੌਦਾ ਸਿਦਕ ਦਾ, ਯਾਰ ਕਮਾਵਣ ਕਾਰ

ਉੜਦਾ ਤੀਰ ਕਮਾਨ ਚੋਂ, ਰਖ ਟਿਕਾ ਕੇ ਚਿੱਤ
ਜੀਵਣ ਲਈ ਜੋ ਮਰ ਗਏ, ਉਹੀਓ ਤੇਰੇ ਮਿਤ

ਤੈਨੂੰ ਮਿਲੀ ਐ ਜ਼ਿੰਦਗੀ, ਸਾਹਿਬਾਂ ਜਿਸਦਾ ਨਾਮ
ਜੀ ਲੈ ਏਹਨੂੰ ਰਜ ਕੇ, ਪੀ ਕੇ ਵਸ਼ੀ ਜਾਮ

## ਸਾਇੰਸਦਾਨ ਘੜੀਸਾਜ਼

ਐਲਬਰਟ ਆਈਨਸ਼ਟਾਈਨ ਦੀ ਅਕਲ ਨਾਲ਼ ਐਟਮ ਬੰਬ ਬਣਿਆ ਸੀ। ਸੰਨ 1955 ਵਿਚ ਇਹਨੇ ਆਖਿਆ ਸੀ – ਜੇ ਮੈਨੂੰ ਪਤਾ ਹੁੰਦਾ, ਮੈਂ ਘੜੀਸਾਜ਼ ਬਣਦਾ।

ਵਾਹ! ਅਲਬਰਤੋ ਸਾਇੰਸਦਾਨ ਜੀ!
ਤੁਆਨੂੰ ਬੰਬ ਬੁਲਾ ਕੇ ਚੇਤੇ ਆਇਆ!!

ਜੇ ਤੂੰ ਘੜੀ ਬਣਾਉਂਦਾ
ਕੈਸੀ ਲਗਦੀ ਅਕਾਲ ਨਗਰ ਦੇ ਘੰਟੇਘਰ ਵਿਚ
ਜਿਸਨੂੰ ਤੱਕ ਕੇ ਵੇਲੇ ਦੀ ਲੋੜ ਨਾ ਰਹਿੰਦੀ
ਨਾ ਚਾਬੀ ਨਾ ਪੁਰਜ਼ਾ
ਇਕ ਵੀ ਪਲ ਨਾ ਖੁੰਝਦਾ
ਜਿਸਨੂੰ ਮਿਲਣਾ ਹੁੰਦਾ ਮਿਲ਼ ਕੇ ਰਹਿੰਦਾ
ਵਿਛੜਦਾ ਨਾ
ਇਹ ਜੀਵਨ ਗਧੀ-ਗੇੜ ਨਾ ਸਿੱਧਾ ਹੁੰਦਾ
ਦੋ ਬਿੰਦੂਆਂ ਨੂੰ ਇਕ ਕਰਦੀ ਰੇਖਾ
ਸਾਹਵਾਂ ਦੀ
ਰਾਹਵਾਂ ਦੀ
ਚਾਹਵਾਂ ਦੀ ਰੇਖਾ
ਨਾ ਗਿਣਤੀ ਨਾ ਮਿਣਤੀ ਹੁੰਦੀ
ਇਕ ਤੋਂ ਪਹਿਲਾਂ ਅਰਬਦ ਨਰਬਦ ਸੁਣਦਾ
ਸੁੱਤੇ ਜਾਗਣ ਲਗਦੇ ਕਿਰਤ ਕਰਮ ਕੇ ਵਿਛੜੇ

ਵਾਹ! ਅਲਬਰਤੋ ਸਾਇੰਸਦਾਨ ਜੀ
ਤੁਆਨੂੰ ਬੰਬ ਬੁਲਾ ਕੇ ਚੇਤੇ ਆਇਆ!!

## ਤ੍ਰਿਸ਼ਨਾ

ਜਲ਼ਦੀ ਪਿਆਸ

ਮਨ ਤਾਂਘਦਾ
ਲੋਹੂ ਸੁੱਕਦਾ
ਨੱਸਦਾ ਜਾਂਦਾ ਮਿਰਗ ਨਿਆਈਂ

ਮਨ ਅੱਚੋਤਾਈ ਕਾਹਲ਼ਾ ਪੈਂਦਾ
ਰਹਿੰਦਾ ਨਹੀਂ ਦਿਲ
ਪਿਆਸੇ ਨੂੰ ਬੂੰਦ ਸਮੁੰਦਰ ਜਾਪੇ
ਸਾਗਰ ਤ੍ਰੇਹ ਤੋਂ ਛੋਟਾ
ਸਾਗਰ ਕੰਢੇ ਖੜ੍ਹਾ ਪਿਆਸਾ
ਸੋਚੀਂ ਡੁੱਬਾ
ਸਿਆਲ਼ ਦੀ ਧੁੱਪ ਵਿਚ

## ਪਹਿਲੀ ਜਨਵਰੀ ਸੰਨ 2000 ਈਸਵੀ

ਪੱਗ ਬੰਨ੍ਹ ਕੇ ਨਵਾਂ ਜੁਗ ਚਾੜ੍ਹਿਆ
ਪੁੱਤ ਸਿੱਖ ਦੇ
ਘੜਿਆਲ ਵਜਾਏ ਘੰਟੇ ਕੱਠੇ ਇਕ ਦੋ [12]
ਹਵਾ ਕੰਬ ਗਈ ਨਦੀ ਭੜਕੀ
ਜੈਕਾਰਾ ਛੱਡਿਆ ਸਿੱਖ ਗੁਰੂ ਦੇ
ਧਿਆਨ ਧਰ ਕੇ ਨਵਾਂ ਜੁਗ ਚਾੜ੍ਹਿਆ

ਉਹਦੇ ਸਦਕੇ ਸਭੋ ਕੁਛ ਜਿਹਦੇ ਸਦਕੇ
ਉਹਦੇ ਅਸ਼ਕੇ ਜਿਹਨੇ ਅੱਗ ਦਾ ਫੁੱਲ ਖਿੜਾਇਆ
ਹਵਾ ਦੇ ਵਿਚ ਲਟਕੇ
ਮਿਲ਼ੇ ਵਿਛੜੇ ਇਕਪਲਕੇ ਅੱਖਾਂ ਭਰ ਕੇ
ਦਿਲ ਨੂੰ ਹੋਰ ਦੁਖਾ ਗਏ ਐਵੇਂ ਮਰ ਕੇ
ਨਵਾਂ ਜੁਗ ਚਾੜ੍ਹਿਆ ਕਲ਼ੇਜਾ ਕੱਢ ਕੇ
ਨਦੀ ਅੱਗ ਦੀ ਪਾਰ ਕੀਤੀ ਅਸਾਂ ਤਰ ਕੇ
ਨਵਾਂ ਜੁਗ ਚਾੜ੍ਹਿਆ

ਕੰਢੇ ਵਹਿਣੀ ਦੇ ਬਾਬੇ ਦਾ ਉਤਾਰਾ ਸੀ
ਸੁੱਖ-ਰਹਿਣੀ ਦੇ
ਖੜ੍ਹੀ ਧੁੰਦ ਸੀ ਖੜ੍ਹਾ ਹਰ ਕੋਈ ਸਾਹ ਬੰਨ੍ਹ ਕੇ
ਉਹਦੀ ਦੀਦ ਸਾਡੀ ਈਦ ਸੀ
ਸਦੀ ਨਵੀਂ ਹੋਈ ਖ਼ੁਸ਼ੀ ਏਨੀ ਹੋਈ
ਲੜ ਖੁੱਲ੍ਹ ਗਏ ਪੱਗ ਦੇ ਨੱਚ ਨੱਚ ਕੇ
ਨਵਾਂ ਜੁਗ ਚਾੜ੍ਹਿਆ ਨੱਢੀ ਨਾਲ਼ ਦੀ ਦਾ ਮੁੱਖ ਚੁੰਮ ਕੇ
ਨਵਾਂ ਜੁਗ ਚਾੜ੍ਹਿਆ

* ਇਸ ਸਦੀ ਦੇ ਆਗਮਨ ਵੇਲੇ ਟ੍ਰੇਮਜ਼ ਦਰਿਆ ਦੇ ਪੱਤਣਾਂ 'ਤੇ ਜੁੜੀ ਖ਼ਲਕਤ ਵਿਚ ਹਮ ਭੀ ਥੇ।

## ਨੀਲ ਗੁਲਾਬ

ਨੀਲੂ ਰਾਜੇ ਬੀਅ ਬੀਜਿਆ
ਫੁੱਲ ਖਿੜਾਇਆ ਨੀਲ ਗੁਲਾਬ
ਤੇ ਨਾਉਂ ਧਰਾਇਆ – ਨਵਰੋਜ਼

ਇਸਨੂੰ ਸੁੰਘਿਆਂ ਨੀਲੀ ਅੱਗ ਭੜਕਦੀ
ਇਸਨੂੰ ਸੁੰਘਿਆਂ ਹਿਰਸ ਜਾਗਦੀ ਧੀ ਜੰਮਣ ਦੀ
ਨੌ ਨਿਧਿ ਨੀਲਮਣੀ ਮੋਰ ਗਰੁੜ ਨੌਂ ਰਾਤੜੀਆਂ

ਨੌਰੋਜ਼ ਪੁਸ਼ਪ ਸਤਰੰਗਾਂ ਦਾ ਪੁੱਤ
ਆਕਾਸ਼ ਪਾਣੀ ਦਾ ਭਾਈ
ਨੀਲ ਫੁੱਲਾਂ ਦਾ ਬਾਬਾ ਆਦਮ
ਨੀਲਾਂਬਰ ਫੂਲ ਸਖਾ

ਨਵਰੋਜ਼ ਨੀਲ ਅਨੀਲ ਗੁਲਾਬ

ਨੀਲੂ ਰਾਜੇ ਕੀ ਕੁਛ ਬੋਇਆ

* ਨਵਰੋਜ਼ ਮੇਰੇ ਛੋਟੇ ਪੁਤ ਦਾ ਨਾਂ ਹੈ। ਇਸ ਸਦੀ ਦੇ ਪਹਿਲੇ ਦਿਨ ਗੁਲਦਾਨ ਵਿਚ ਫੁੱਲ ਟਿਕਾਉਂਦਿਆਂ ਇਹ ਅਪਣੀ ਮਾਂ ਨੂੰ ਕਹਿੰਦਾ – ਤੁਹਾਨੂੰ ਪਤੈ, ਨੀਲਾ ਗੁਲਾਬ ਨਹੀਂ ਹੁੰਦਾ? ਮੈਂ ਨੀਲਾ ਗੁਲਾਬ ਬਣਾਊਂਗਾ।

## 24 ਅਕਤੂਬਰ 2003

ਅੱਜ ਦਾ ਦਿਨ ਵੀ ਕੈਸਾ ਦਿਨ ਸੀ

ਚਲਦੀ ਗੱਡੀ ਮੈਂ ਉੱਠ ਕੇ ਖੜ੍ਹਿਆ ਗਰਭਵਤੀ ਦੇ ਬੈਠਣ ਖ਼ਾਤਿਰ
ਮਨ ਵਿਚ ਧਾਰੇ ਪੁਤ ਪੋਤਰੇ    ਜੰਮਣ ਵਾਲ਼ੀਆਂ ਕੁੜੀਆਂ
ਸੋਚ ਸੋਚ ਕੇ ਸੁੱਖ ਮਿਲ਼ਦਾ ਸੀ

ਨਾਨਕ ਰਸਤੇ ਰਿਜ਼ਕ ਕਮਾਵਣ ਜਾਂਦੇ ਰਸਤਾ ਛੱਡ ਕੇ ਲੰਘਿਆ
ਸੜਕ 'ਤੇ ਪਿਆਸ ਬੁਝਾਉਂਦਾ ਕਿਤੇ ਕਬੂਤਰ ਡਰ ਕੇ ਉਡ ਨਾ ਜਾਵੇ
ਸੋਚ ਸੋਚ ਕੇ ਸੁੱਖ ਮਿਲ਼ਿਆ ਸੀ

ਦਫ਼ਤਰ ਡਿਓੜ੍ਹੀ ਪਿਆ ਅਪਣਾ ਦਸਤਾਨਾ ਦਿਸਿਆ
ਮੈਂ ਨ ਜਾਣਾ ਗੁੰਮ ਗਿਆ ਹੈ
ਕਿੰਨਾ ਚੰਗਾ ਹੁੰਦਾ ਦੋਸਤ ਵੀ ਦਸਤਾਨੇ ਹੁੰਦੇ
ਇਹ ਸੋਚ ਸੋਚ ਕੇ ਦੁੱਖ ਲੱਗਿਆ ਸੀ

ਅੱਜ ਦੁਪਹਿਰੇ ਓਇਨ ਸ਼ੀਅਰਜ਼ ਸ਼ਾਇਰ ਮਿਲ਼ਿਆ ਰੋਟੀ ਖਾਧੀ
ਕਹਿੰਦਾ: ਪੁਤ ਦਾ ਰਿਸ਼ਤਾ ਮਾਂ ਦੇ ਜੰਮਣ ਤਕ ਜਾ ਰਲ਼ਦਾ ਹੈ
ਕਹਿੰਦਾ: ਨਾੜੂ ਬੰਦੇ ਦੀ ਜੜ੍ਹ ਹੁੰਦੀ ਹੈ
ਉਹ ਤਾਂ ਭਾਗਾਂ ਵਾਲ਼ਾ ਸਮਝੋ
ਜੋ ਜਾਣਦਾ ਕਿੱਥੇ ਉਸਦਾ ਨਾੜੂ ਦੱਬਿਆ

ਛੁੱਟੀ ਮਗਰੋਂ ਘਰ ਦੇ ਰਸਤੇ
ਵਿਚ ਗੱਡੀ ਦੇ ਬਟਣ ਕੋਟ ਦਾ ਡਿੱਗਿਆ ਦਿਸਿਆ
ਚੁੱਕ ਕੇ ਡਿੱਠਾ ਧਾਗੇ ਲਟਕਣ ਜਿਉਂ ਗੋਂਗਲ਼ੂ ਧਰਤੀ ਵਿੱਚੋਂ ਪੁੱਟਿਆ

ਸਾਹਵੇਂ ਬੈਠਾ ਰਮਤਾ ਸੱਖਣੀ ਤੱਕਣੀ
ਹੱਸਣ ਲੱਗਾ ਜਦ ਮੈਂ ਨੇ ਸੋਚਾ – ਗੁੰਮ ਸ਼ੈਆਂ ਦੇ ਦਫ਼ਤਰ ਦੇਵਾਂ
ਕਿੰਨੀ ਕਮਲ਼ੀ ਗੱਲ ਸੋਚੀ ਸੀ
ਇਹ ਜਾਣ ਕੇ ਹਾਂਜ ਆਈ ਸੀ

ਅੱਜ ਦਾ ਦਿਨ ਦਿਨਾਂ ਦਾ ਦਿਨ ਸੀ
ਜੰਮਣ ਦਿਨ ਸੀ ਨੌਰੋਜ਼ ਪੁਤਰ ਦਾ

(ਅੰਗਰੇਜ਼ੀ ਤੋਂ ਉਲੱਥਾ)

## ਕਲਬੂਤਰ

*ਲੁਧਿਆਣੇ ਦੇ ਪਿੰਡ ਜਨੌਂਦ ਦੀ ਭਾਬੀ ਬਲਬੀਰ ਕੌਰ ਨਿਮਿਤ*

ਦਿਲ ’ਤੇ ਹੱਥ ਰੱਖ ਸੋਚਣ ਲੱਗੀ
ਵੇਂਹਦੇ ਵੇਂਹਦੇ ਉਤਰ ਆਇਆ ਪੰਛੀ ਦਾ ਛਾਪਾ
ਚੱਦਰ ਉੱਤੇ
ਬਹਿ ਦਸੂਤੀ ਕੱਢਣ ਲੱਗੀ –
ਗੁਟਕੂੰ ਗੁਟਕੂੰ ਕਰਦਾ ਪੰਛੀ ਗੋਲ਼ਮਟੋਲਾ
ਗੱਲੀਂ ਲੱਗਾ ਰੰਗਲਾ ਧਾਗਾ
ਚੁੰਜ ਲਾਲ ਹੈ        ਪਿੰਡਾ ਸੁਰਮੇ ਵਰਗਾ
ਪੌਂਚੇ ਫੁੱਲ ਗੁਲਾਬੀ
ਥੱਲੇ ਨਾਉਂ ਲਖਾਇਆ – ਕਲਬੂਤਰ

ਏਸ ਕੁੜੀ ਕਲਬੂਤ ਬਣਾਇਆ
ਧਾਗੇ ਦਾ        ਰੰਗ ਰੰਗ ਦਾ
ਸੋਚਾਂ ਦਾ        ਪੋਟੇ ਵਿੰਨ੍ਹਦੀ ਸੂਈ ਤਿੱਖੀ ਦਾ
ਸੁ਼ਲਝੀ ਤਾਣੀ        ਰੰਗਲਾ ਚੂੜਾ

ਚਿੜੀ ਦਾ ਚੰਬਾ ਆ ਕੇ ਲੱਥਾ ਦੇਸ ਜਨੌਂਦ ਦੇ ਅੰਦਰ

ਸਕੇ ਸੋਧਰੇ        ਆਉਂਦਾ ਜਾਂਦਾ ਮੇਲ਼ ਛੇੜਦਾ –
ਦੇਖੋ ਭਾਬੀ ਕਿੰਨੀ ਭੋਲ਼ੀ
ਕਬੂਤਰ ਨੂੰ ਕਲਬੂਤਰ ਕਹਿੰਦੀ
ਦਸ ਤਾਂ ਭਾਬੋ, ਕੀ ਕੁਛ ਖਾਂਦਾ ਤੇਰਾ ਇਹ ਕਲਬੂਤਰ ਰਾਜਾ

ਭਾਬੋ ਸੰਙਦੀ        ਅੱਖਾਂ ਭਰਦੀ        ਚੁੱਪ ਕਰ ਰਹਿੰਦੀ
ਭੋਲ਼ੀ ਦੁਨੀਆ ਕਲਬੂਤਰ ਨੂੰ ਕਬੂਤਰ ਕਹਿੰਦੀ
ਕੌਣ ਜਾਣਦਾ ਕਿਹੜਾ ਅਸ਼ੀ ਨਾਂ ਹੈ

ਇਹ ਕਲਬੂਤਰ ਅੱਖ ਮੀਟ ਕੇ ਜਾਏ
        ਪਿੰਡ ਕੋਟ ਗੰਗੂ ਦੇ ਰਾਏ
ਸੁੱਖਾਂ ਦੀ ਵਾ ਵਗਦੀ ਭੁੱਲਦੇ ਜਾਂਦੇ ਦੁੱਖੜੇ ਸਾਰੇ
ਪਰ ਬਛੋੜਾ ਭੁੱਲਦਾ ਨਹੀਂ ਹੈ
ਮਾਪੇ    ਸਖੀਆਂ  ਸਾਵਣ ਪੀਂਘਾਂ        ਭਰਾ ਭਰਜਾਈਆਂ
ਪੇਕਾ ਛੱਡਣਾ ਮਰਨ ਬਰੋਬਰ
ਇਸੇ ਦੁਨੀਆ ਅੰਦਰ ਹਰ ਧੀ        ਮਰ ਮਰ ਮੁੜ ਮੁੜ ਜੰਮਦੀ
ਇਹ ਕਲਬੂਤਰ ਨਾਲ਼ ਮੇਰੇ ਹੀ ਆਇਆ ਨਾਲ਼ ਹੀ ਜਾਣਾ

## ਪਾਣੀ

*ਪਾਣੀ ਅਰਦਾਸ ਹੈ.* – ਪੂਰਨ ਸਿੰਘ

ਪਾਣੀ ਚੰਗਾ
ਪਾਣੀ ਠੰਢਾ
ਨਿਰਮਲ ਪਾਣੀ

ਪਾਣੀ ਰੁੜ੍ਹਦਾ
ਬਾਲਕ ਰਿੜ੍ਹਦਾ ਅਹੁਲੇ ਰਿੜ੍ਹਦੀ ਗੇਂਦ ਦੇ ਵੱਲਾਂ

ਪਾਣੀ ਉੜਦੇ ਪੰਖ 'ਤੇ ਡਿਗਦਾ
ਨੱਕ ਦੀ ਬੂੰਬਲ਼ ਉੱਤੇ ਲਟਕੇ

ਧੁੱਪ ਪਾਣੀ ਨੂੰ ਪੀਂਦੀ ਕ਼ਤਰਾ ਕ਼ਤਰਾ ਕਰਕੇ

ਪਾਣੀ ਜਿਸਨੂੰ ਮਿਲ਼ਦਾ ਉਹਦੇ ਵਰਗਾ ਹੁੰਦਾ

ਪਾਣੀ ਬਾਲ–ਪਿਤਾ
ਮਾਤਾ ਧਰਤ ਮਹੱਤ ਦੀ ਹਿੱਕ 'ਤੇ ਹੱਥ ਰਖ ਕੇ ਸੁੱਤਾ

ਸੁੱਚਾ ਪਾਣੀ ਸੁੱਚੀ ਮਾਟੀ ਜੀਰ ਰਹੀ ਹੈ

ਪਾਨੀ ਮੇਂ ਮੁੱਖ ਅਪਨਾ ਦੇਖੇ ਜੋਗਨ
ਇਹ ਪਾਣੀ ਦਾ ਮੁੱਖੜਾ ਹੈ

## ਮੀਂਹ

ਸੁੱਖਾਂ ਸੁੱਖਦੀਆਂ ਕਣੀਆਂ ਪਈਆਂ
ਜਲਥਲ ਜਲਥਲ ਹੋਆ
ਪਰਣਾਲ਼ੇ ਵੱਗੇ

ਛੱਤ ਦਾ ਪਾਣੀ ਡਿਗਦਾ ਮੋਰੀ ਵਿਚ ਨੂੰ
ਆਵਾਜ਼ ਘੱਗੀ ਹੈ   ਸ਼ੋਰ ਕਰੇਂਦਾ
ਏਸ ਲਈ ਕਿ ਸਾਗਰ ਰਸਤੇ ਪਹਿਲਾ ਕ਼ਦਮ ਉਠਾਇਆ

ਮੀਂਹ ਹਵਾ ਨੂੰ ਚੁੰਮ ਕੇ ਤੁਰ ਚੱਲਿਆ ਹੈ
ਪੱਥਰ ਨੂੰ ਪਾਣੀ ਕਰਕੇ
ਤ੍ਰਿਖਾ ਮਨ ਦੀ ਹੋਰ ਵਧਾ ਕੇ
ਐਸਾ ਮੀਂਹ ਤਪਦੀ ਮਿੱਟੀ ਵਰ੍ਹਿਆ

ਆਏ ਸਨ ਬੱਦਲ਼ ਕਿਤਿਉਂ
ਵਰ੍ਹ ਕੇ ਚਲੇ ਗਏ

## ੨੫ ਪੋਹ ਸੰਮਤ ੨੦੫੬ ਦੇ ਢਲ਼ਦੇ ਸੂਰਜ ਨਾਲ਼ ਗੱਲਾਂ

ਪਿਆਰੇ ਸੂਰਜ ਸਾਹਿਬ ਜੀਉ
ਕਿੰਨੀ ਦੇਰ ਲਗਾ ਕੇ ਆਏ
ਹੁਣ ਜਾਣ ਦੀ ਕਾਹਲ਼ੀ ਕਾਹਦੀ?
ਨੱਸ ਕੇ ਜਾਣਾ ਕਿਥੇ?
ਰਤਾ ਠਹਿਰ ਜਾਉ
ਸਭ ਦਾ ਦਿਲ ਹੈ ਲੱਗਾ
ਬੱਚੇ ਪੰਛੀ ਤੇ ਪਰਛਾਵੇਂ ਦਾ

ਹੁਣ ਦੀ ਬੇਲਾ ਸੁੱਖ ਦੀ ਬੇਲਾ
ਨਾਲ਼ ਅਸਾਡੇ
ਤੂੰ ਹੈਂ ਉਹ ਹੈ ਹਮ ਹੈਂ
ਨਾਲ਼ ਤਿਹਾਰੇ ਦਿਲ ਪਿਆ ਡੁੱਬੇ
ਜੰਗ ਹਯਾਤੀ ਜਿੱਤਣੇ ਦੇ ਲਈ
ਕੀ ਕੋਈ ਕ੍ਰਿਸ਼ਣ ਬੁਲਾਈਏ
ਜੋ ਬਾਹੋਂ ਫੜ ਡੱਕ ਲਏ ਤਿਆਨੂੰ?

ਪੈਰਾਂ ਦੇ ਵਿਚ ਰਸਤਾ ਸਿੱਧਾ
ਤੇਰੇ ਤੀਕਣ ਜਾਵੇ ਲਹਿਰਾਂ ਉੱਤੇ
ਲਿਸ਼ਕਣ ਕਿਰਣਾਂ

ਰਤਾ ਠਹਿਰ ਜਾਉ
ਤੈਨੂੰ ਪਾਣੀ ਅਰਘਾਂਗੇ
ਚੰਗਾ ਬਣ ਕੇ ਦਿਖਲਾਵਾਂਗੇ
ਰਚਨਾ ਕਰਕੇ ਨਾਮ ਤੇਰੇ ਦੀ ਮਹਿਮਾ ਗਾਵਾਂਗੇ
ਸੂਰਜ ਸਾਹਿਬ ਜੀਉ!

ਬ੍ਰਾਈਟਨ 09 01 2000

## ਬੋਰਨਮਥ ਸਮੁੰਦਰ ਕੰਢੇ

ਰੇਤ 'ਤੇ ਰੇਤ ਉੜ ਰਹੀ ਹੈ
ਲਹਿਰ 'ਤੇ ਲਹਿਰ

ਪੈੜ ਬਣਦੀ ਹੈ ਖਿਰ ਜਾਂਦੀ ਹੈ ਧੁਲ਼ ਜਾਂਦੀ ਹੈ

ਸੁੱਚੀ ਹੈ ਰੇਤ ਸੱਚਾ ਹੈ ਪਾਣੀ

ਪੰਛੀ ਹਵਾ 'ਚ ਤੈਰਦਾ ਹੈ
ਲਹਿਰਾਂ ਤੇ ਰੇਤ ਨਾਲ਼ ਖੇਲੀਆਂ ਕਰਦਾ

ਬੱਚਾ ਡਰਦਾ ਸਮੁੰਦਰ 'ਚ ਪੈਰ ਰਖਦਾ ਹੈ
ਲਹਿਰ ਉਛਲ਼ ਕੇ ਪੈਰਾਂ ਨੂੰ ਰੇਤੇ ਨੂੰ ਚੁੰਮਦੀ ਹੈ

ਸਦਾ ਸਦਾ ਬੋਰਨਮਥ ਸਮੁੰਦਰ ਦੇ ਕੰਢੇ 'ਤੇ

## ਸਮੁੰਦਰ ਕੰਢੇ ਮਾਘੀ ਸੰਨ 2001 ਈਸਵੀ

ਆਕਾਸ਼ ਹਵਾ ਤੇ ਸਾਗਰ ਪਾਣੀ
ਸਭ ਕੁਝ ਠੰਢਾ ਠੰਢਾ ਸੀ
ਧੁੱਪ ਇਸ਼ਨਾਨ ਕਰੇਂਦੀ
ਸੂਰਜ ਮਾਂ ਖੜ੍ਹੀ ਮੁਸਕਾਂਦੀ
ਲਹਿਰਾਂ ਦੀ ਆਵਾਜ਼ ਵੀ ਗਿੱਲੀ ਗਿੱਲੀ ਸੀ

ਧੁੱਪ ਭਲੀ ਵਿਚ ਸੀਤ ਹਵਾ ਨੱਕ ਦੇ ਬੂੰਬਲ਼ ਨੂੰ ਸੁੰਨ ਕਰਦੀ ਸੀ
ਰੁੱਤ ਸੀ ਫ਼ਾਇਰ ਦੇ ਮੁੱਢ ਬਹਿ ਕੇ ਚਾਹ ਸੁੜ੍ਹਾਕਣ ਦੀ
ਤਾਂ ਵੀ ਲੋਕੀਂ ਅੱਜ ਦੇ ਦਿਨ ਦਾ ਸ਼ੁਕਰ ਮਨਾਵਣ ਆਏ ਸਨ

ਬੇੜੀਆਂ ਮੂਧੇ ਮੂੰਹ ਪਈਆਂ ਰੇਤੇ ਉੱਤੇ
ਮਛਿਆਰੇ ਯਸੂਦੁਆਰੇ ਬਣ-ਠਣ ਕੇ ਨਿਕਲ਼ੇ ਸਨ

ਕੁੱਛੜ ਚੁੱਕੇ ਬਾਲ ਨੂੰ ਬਾਪ ਦਰਸ ਕਰਾਉਂਦਾ ਸੀ
ਪਾਣੀ ਦਾ ਪਹਿਲੀ ਵਾਰੀ

ਮਾਹਣੂ ਕੁੰਡੀਆਂ ਲਾ ਕੇ ਬੈਠੇ
ਉਡੀਕ ਲੱਗੀ ਸੀ ਮੱਛੀ ਦੀ
ਭੁੱਖ ਉਨ੍ਹਾਂ ਦੀ ਚਮਕ ਰਹੀ ਸੀ ਲਹਿਰਾਂ ਉੱਤੇ

ਮਾਂ ਅੱਜ ਦੇ ਦਿਨ
ਤੜਕੇ ਇਸ਼ਨਾਨ ਕਰੇਂਦੀ
ਜਾ ਕੇ ਗੁਰੂਦੁਆਰੇ ਸੁੱਖਾਂ ਸੁੱਖਦੀ ਸੀ
ਰਹੁ ਦੀ ਖੀਰ ਬਣਾਉਂਦੀ
ਜਿਸਨੂੰ ਖਾ ਕੇ ਸਾਰੇ ਦੁੱਖ ਭੁੱਲ ਜਾਂਦੇ ਸਨ

ਅੱਖਾਂ ਵਿਚ ਆ ਲੱਗਾ
ਠੰਢਾ ਸੀਤ ਹਵਾ ਦਾ ਬੁੱਲ੍ਹਾ
ਭਰ ਆਇਆ ਪਾਣੀ
ਦਿਲ ਉਸ ਵਿਚ ਜਾ ਡੁੱਬਾ

ਚੇਤੇ ਆਇਆ ਵੈਦ ਦਾ ਦੱਸਿਆ
ਤੁਰਨੇ ਲੱਗਾ ਵਾਹੋਦਾਹੀ ਰਸਤਾ ਕੱਛਦਾ
ਮਨ ਵਿਚ ਧਾਰੀ ਮੋਮ ਦੀ ਬੱਤੀ
ਡੂੰਘੇ ਡੂੰਘੇ ਸਾਹ ਭਰ ਕੇ ਮੈਂ
ਹੌਲ਼ੀ ਹੌਲ਼ੀ ਫੂਕਾਂ ਮਾਰਨ ਲੱਗਾ

ਵਗਦੇ ਠੱਕੇ ਵਿਚ ਵੀ ਬੱਤੀ ਬਲ਼ਦੀ ਬੁਝਦੀ ਨਾ ਸੀ
ਸਾਗਰ ਕੰਢੇ ਮਾਘੀ ਦੇ ਦਿਨ

ਬ੍ਰਾਈਟਨ 13 01 2001

* ਦਿਲ ਦੇ ਵੈਦ ਦਾ ਦੱਸਿਆ ਗੁਰ ਕਿ ਔਖੀ ਘੜੀ ਵੇਲੇ ਬਲ਼ਦੀ ਮੋਮਬੱਤੀ ਮਨ ਚ ਧਾਰ ਕੇ ਡੂੰਘੇ-ਡੂੰਘੇ ਸਾਹ ਭਰ ਕੇ ਜੋਤ ਨੂੰ ਹੌਲ਼ੀ-ਹੌਲ਼ੀ ਫੂਕਾਂ ਮਾਰੋ।

## ਇਹ ਗੀਤ

ਇਹ ਗੀਤ ਮੈਨੂੰ ਗਾ ਰਿਹੈ
ਗੀਤਨ ਬਿਰਹੜਾ
ਰਾਗ ਭੈਰਵੀ ਮੱਧਮ ਸੁਰ ਵਿਚ
ਜ਼ਾਲਮ ਯਾਦ ਕਰਾਵੇ ਫੱਟ ਉਚੇੜੇ
ਕੱਸ ਕੇ ਮੀਟੇ ਦੰਦ
ਨਾਲ਼ ਤੁਰੇ ਪਰਛਾਵੇਂ ਵਾਂਙੂੰ
ਹੋਣ ਨਹੀਂ ਦਿੰਦਾ ਕੱਲਾ ਮੈਨੂੰ

ਗੀਤ ਨਾਲ਼ ਮੇਰੇ ਸਾਹ ਭਰਦਾ
ਚੁੱਪ ਹੁੰਦਾ ਨਾਲ਼ ਮੈਂ ਇਸਦੇ ਗਾਵਣ ਲਗਦਾ
ਹਾਕਾਂ ਮਾਰਾਂ ਵਿੱਛੜਿਆਂ ਨੂੰ
ਦੱਸਿਆ ਵੀ ਨਾ ਜਾਵਣ ਲੱਗਿਆਂ
ਉਸਦਾ ਹਾਵਾ ਗੀਤੋਂ ਵੱਡਾ
ਗੀਤ ਕੋਲ਼ੋਂ ਨਾ ਗਾਇਆ ਜਾਵੇ

## ਗਾਵਣ

ਸੱਜਣ ਤੇਰੇ ਬੋਲ ਓਪਰੇ
ਤਨ ਮਨ ਸਾਡਾ ਵਿੰਨ੍ਹਣ

ਕਿਰਦੀ ਰੇਤ ਹੱਥਾਂ ਚੋਂ ਜਾਂਦੀ
ਆਖ਼ਿਰ ਖ਼ਾਕ ਸਮਾਣਾ
ਸਿਖਰ ਦੁਪਹਿਰਾ ਭਟਕੇ ਰਾਹੀ
ਓੜਕ ਨੂੰ ਘਰ ਜਾਣਾ
ਇਨ੍ਹਾਂ ਥਲਾਂ ਵਿਚ ਰੁਲ਼ ਗਏ ਸਾਰੇ
ਕਿਆ ਸੱਸੀ ਕਿਆ ਪੁੰਨਣ
ਸੱਜਣ ਤੇਰੇ ਬੋਲ ਓਪਰੇ
ਤਨ ਮਨ ਸਾਡਾ ਵਿੰਨ੍ਹਣ

ਨਾਂਹ ਨਾ ਕਰ ਨਾ ਕਰ ਨਾ ਕਰ
ਹਾਂ ਕਰ ਹਾਂ ਕਰ ਹਾਂ ਕਰ
ਮੁਨਕਿਰ ਨਕੀਰ ਬਿਰਾਜੇ ਮੋਢੇ ਚੜ੍ਹ ਕਰ
ਕਿਉਂ ਕਰ ਜੀਵੇਂ ਹਰ ਪਲ ਮਰ ਮਰ ਕਰ

ਔਖੀ ਨਦੀਆ ਬੰਧਨ ਬੇਲਾ
ਪੱਤਣਾਂ ਉੱਤੇ ਖੇਵਟ ਬੈਠੇ ਬੇੜਾ ਬੰਨ੍ਹਣ
ਸੱਜਣ ਤੇਰੇ ਬੋਲ ਓਪਰੇ
ਤਨ ਮਨ ਸਾਡਾ ਵਿੰਨ੍ਹਣ

* ਇਸਲਾਮੀ ਰੀਤ ਮੂਜਬ ਮੁਨਕੱਰ ਫ਼ਰਿਸ਼ਤਾ ਬੰਦੇ ਦੇ ਮੋਢੇ ਬੈਠਾ ਮਾੜੇ ਕਰਮਾਂ ਦਾ ਲੇਖਾ ਲਿਖੀ ਜਾਂਦਾ ਹੈ ਤੇ ਨਕੀਰ ਦੂਸਰੇ ਮੋਢੇ ਬੈਠਾ ਚੰਗੇ ਕਰਮਾਂ ਦਾ।

## ਕਿਤਾਬ ਬੋਲਦੀ

ਪੰਜ ਭੂਤਕ ਬੰਦਾ ਹੱਥ ਜੋੜ ਕੇ ਵਾਕ ਲੈਂਦਾ
ਕਿਤਾਬ ਬੋਲਦੀ
ਪੈਂਤੀ ਦਾ ਅੱਖਰ ਅੱਖਰ ਬੋਲਦਾ
ਤੇ ਤਰਵਿੰਜਵਾਂ ਵੀ

ਕਿਤਾਬ ਸ਼ਬਦ ਦੀ ਸ਼ਾਮਤੀ ਲਈ ਅਰਦਾਸ ਕਰੇ ਹੈ

ਕਿਤਾਬ ਬੋਲਦੀ –
ਬੰਦਿਆ ਤੂੰ ਬੜਾ ਈ ਵੱਡਾ ਏਂ
ਬੰਦਿਆ ਤੈਨੂੰ ਤਾਂ ਕੁਛ ਵੀ ਨਹੀਂ ਪਤਾ
ਬੰਦਿਆ ਤੂੰ ਮੇਰੀ ਮਾਂ ਐਂ

ਕਿਤਾਬ ਥਾਣੀਂ ਬੋਲਦਾ
ਰੁੱਖ      ਹੱਥ      ਤੇ ਜਾਨਵਰ
ਕਿਤਾਬ ਥਾਣੀਂ ਬੋਲਦੀ
ਕਲਮ    ਜਿਲਤ    ਸਿਆਹੀ

ਕੋਰੇ ਪਤ੍ਰਿਆਂ ਵਾਲ਼ੀ ਕਿਤਾਬ ਕੀ
ਲਿਖਾਰੀ ਆਪ ਬੋਲਦਾ
ਅਪਣੀ ਆਪ ਵਡਿਆਈ ਕਰਦਾ॥

## ਸੰਖ

ਬੁੱਲ੍ਹਾਂ ਨੂੰ ਬੁੱਲ੍ਹ ਮਿਲ਼ੇ          ਵੱਜਣ ਲੱਗਾ ਸੰਖ

ਸੰਖ ਆਪ ਨਾ ਵੱਜੇ ਹਵਾ ਵੱਜਦੀ ਐ
ਸਾਹ ਵੱਜਦਾ ਹੈ               ਸੋਚ ਵੱਜਦੀ ਹੈ
ਗੂੰਜੇ ਵਿਚ ਆਕਾਸ਼ਾਂ

ਸੰਖ ਵੱਜੇ ਤਾਂ ਦੇਵਤੇ ਆਵਣ
ਇਸ ਧਰਤੀ ਉੱਤੇ ਪਾਪ ਦਾ ਮੇਲਾ
ਤਕ ਕੇ ਨੱਸ ਜਾਂਦੇ ਹਨ

ਸੰਖ ਉਹ ਖੋਲ਼ਾ
ਜੋ ਪਰਦੇਸੀ ਹੋਏ ਘਰ ਦਿਆਂ ਨੂੰ
ਮੁੜ ਆਵਣ ਲਈ ਕੁਰਲਾਂਦਾ ਹੈ

ਸੰਖ ਹੈ ਪੁੱਛਦਾ      ਸੰਖਿਨੀ ਕਿਥੇ

ਚੁੱਪ ਸੰਖ ਦੀ ਨੇਕ ਬੰਦੇ ਦੀ ਚੁੱਪ ਹੈ
ਨਾ ਬੋਲਿਆਂ ਵੀ ਵਡਿਆਈ ਕਰਦਾ

ਸੰਖ ਸੂਰਜ ਨੂੰ ਸ਼ੁਭ ਰਾਤ ਕਵ੍ਹੇ
ਹੁਣੇ ਈ ਵੱਜ ਕੇ ਹਟਿਆ ਸੰਖ

## ਮਰਨਾ

ਤੈਨੂੰ ਦੇਖਣ ਨੂੰ ਮੈਂ ਮਰਦਾ ਜਾਂਦਾਂ

ਪਲ ਪਲ ਵਟਦਾ ਰੂਪ ਤੇਰਾ ਉਹ
ਹੁਣ ਕਿਹੋ ਜੇਹਾ ਲਗਦਾ ਹੋਵੇਗਾ
ਤੇਰੇ ਬਾਝੋਂ ਥੀਣਾ    ਕਾਹਦਾ ਥੀਣਾ
ਘੁਟ ਘੁਟ ਕਰਕੇ ਮਹੁਰਾ ਪੀਣਾ
ਅਪਣਾ ਜੀਣਾ ਹੋਣੀ ਮੰਨ ਕੇ ਜੀਉ ਰਿਹਾ ਹਾਂ
ਰੱਬ ਤੋਂ ਮੁਨਕਿਰ

ਜਿਧਰ ਦੇਖਾਂ ਤੂੰ ਹੀ ਤੂੰ ਹੈਂ
ਹਰ ਮੁੱਖੜੇ ਵਿਚ ਨਕਸ਼ ਹੈ ਤੇਰਾ
ਚੁੱਪ ਚੁੱਪ ਗੁੰਮਸੁੰਮ ਅਪਣਾ ਅਪਣਾ
ਹਰ ਦਮ ਨਾਲ਼ ਮੇਰੇ ਤੂੰ ਹੋਵੇਂ
ਸੋਚਾਂ ਰੱਬ ਮਿਲ਼ਿਆ ਹੈ

ਤੈਨੂੰ ਦੇਖ ਦੇਖ ਮੈਂ ਮਰਦਾ ਜਾਂਦਾਂ

## ਤੂੰ ਟਿਕ ਜਾ

ਤੂੰ ਟਿਕ ਜਾ
ਧਰਤੀ ਵਾਂਙੂੰ
ਜੋ ਘੁੰਮਦੀ ਅਪਣੇ ਥਾਂ ਸਿਰ ਰਹਿੰਦੀ

ਤੂੰ ਟਿਕ ਜਾ
ਪਾਰੇ ਵਾਂਙੂੰ
ਹਿੱਲਦਾ ਵੀ ਤਾਂ ਟਿਕਿਆ ਲਗਦਾ

ਤੂੰ ਟਿਕ ਜਾ ਨਿਗਾਹ ਦੇ ਵਾਂਙੂੰ
ਜੋ ਦੇਖ ਰਹੀ ਸੱਜਣਾਂ ਨੂੰ

ਤੂੰ ਟਿਕ ਜਾ ਹਵਾ ਚ ਉੜਦੇ ਪੰਛੀ ਵਾਂਙੂੰ

ਟਿਕ ਜਾ ਘੁੰਮਦੇ ਚੰਨ ਦੀ ਚਾਨਣੀ ਵਾਂਙੂੰ

ਤੂੰ ਟਿਕ ਜਾ
ਧੁਪ ਵਾਂਙ          ਰਾਤ ਵਾਂਙ
ਝੜੀ ਵਾਂਙ          ਅੱਗ ਵਾਂਙ
ਚਲਦੀ ਘੜੀ ਦੀ ਸੂਈ ਵਾਂਙ

ਤੂੰ ਟਿਕ ਜਾ
ਹਰਿਮੰਦਿਰ ਦੀ ਪਹਿਲੀ ਇੱਟ ਵਾਂਙੂੰ

...

ਮੈਂ ਅਸਮਾਨੀ ਪੀਂਘ ਦੇ ਸਭਰੰਗਾਂ ਨੂੰ ਮੇਲ਼ ਰਹੀ ਸੀ
ਕਿ ਇਕਦਮ ਮਾਂ ਦੀ ਕੁੱਖ ਦੇ ਅੰਦਰੀਂ ਨ੍ਹੇਰਾ ਨਜ਼ਰੀਂ ਆਇਆ
ਅੰਗ ਅੰਗ ਕੱਜਿਆ ਏਸੇ ਰੰਗ ਨੇ
ਹਰ ਰੰਗ ਬੋਲ ਰਿਹਾ ਸੀ
ਜਿਉਂ ਧਰਤੀ ਦੇ ਪਾਰੋਂ ਹੋਰ ਨਛੱਤਰੋਂ
ਹੱਸਦੀਆਂ ਨੱਚਦੀਆਂ ਵਾਜਾਂ ਆਵਣ

ਰੋਮ ਰੋਮ ਮੇਰੀ ਅੱਖ ਸੀ
ਨਸ ਨਸ ਕੰਨ
ਲੂੰ ਲੂੰ ਰਸਨਾ ਮੇਰੀ

ਦਾਈ ਦੇ ਹੱਥਾਂ ਦੀ ਛੁਹ ਪਹਿਲ-ਪ੍ਰਥਮੀ
ਛੁਹ ਇਸ ਦੁਨੀਆ ਦੀ
ਸਿਰ ਮੇਰੇ ਵਿਚ ਬਿਜਲੀ ਲਿਸ਼ਕੀ
ਨਿੰਮ੍ਹੀ ਨਿੰਮ੍ਹੀ ਠੰਢੀ ਠੰਢੀ
ਰੰਗ ਓਸਦਾ ਨਾਰੰਗੀ ਸੀ

ਮੈਂ ਮਾਂ ਦੇ ਗਲ਼ ਲੱਗੀ
ਹੱਸਦੀ ਹੱਸਦੀ
ਜਿਹਨੂੰ ਦੁਨੀਆ ਰੋਣਾ ਕਹਿੰਦੀ

ਹੁਣ ਵੀ ਉਹ ਪੀਂਘ ਹੁਲਾਰਾ ਚੇਤੇ ਆਵੇ
ਹੱਸਦੀ ਹੱਸਦੀ     ਰੋ ਪੈਂਦੀ ਆਂ

## ਅੱਖਰ

ਬਾਣੀ ਪਹਿਰਿਆ ਅੱਖਰ ਬਾਣਾ
ਅਰਥ ਪਰ੍ਹਾਂ ਕਿਤੇ ਹੋਰ ਪਿਆ ਹੈ

ਅੱਖਰ ਜਿਉਂ ਡਿਉੜ੍ਹੀ ਹਰਿਮੰਦਿਰ ਦੀ
ਅੱਖਰ ਬਾਹਰ ਲੱਥਾ     ਪੈਰ ਦਾ ਜੋੜਾ
ਅੰਦਰ ਕੋਈ ਸੁਣਨ ਗਿਆ ਹੈ ਨਾਮ ਦਿਵਸ ਮਹੀਨਾ
ਪਾਠੀ ਪੋਥੀ ਦਾ ਪੁਸ਼ਾਕਾ ਲਾਹਿਆ     ਵਾਕ ਲਿਆ ਹੈ
ਭਰਦਾ     ਸੱਖਣਾ ਹੁੰਦਾ     ਅਮ੍ਰਿਤ ਕਾਸਾ

ਸ਼ਬਦ ਆਲ੍ਹਣਾ ਪੰਛੀ ਬੈਠੀ ਅੱਖਾਂ ਮੁੰਦ ਕੇ
ਆਂਡੇ ਢਕ ਕੇ

ਨਦੀ ਦਾ ਕੰਢਾ     ਸਾਹ ਭਰ ਕੇ ਕਿਸੇ ਛਾਲ਼ ਹੈ ਮਾਰੀ
ਅੱਖਰ ਕਪੜਾ ਲਾਹ ਕੇ ਕੰਢੇ ਰੱਖਿਆ

ਰੱਬ ਦੇ ਬੰਦੇ ਪਹਿਲਾ ਪੈਰ ਉਠਾਇਆ
                    ਕਿਬਲੇ ਵਲ ਨੂੰ

ਸ਼ਬਦ ਚੌਖਟਾ ਦਿਸਦਾ ਨਹੀਂ ਹੈ ਅੰਬਰ-ਧਰਤੀ ਜੜਿਆ

ਇਹ ਮੱਕਾ ਹੈ ਜਿਸਤੋਂ ਅੱਗੇ ਉਜਾੜ ਨਿਰਾ ਹੈ

ਸੱਚਾ ਸੌਦਾ ਕਿਹਾ ਵਪਾਰੀ ਤੱਕੜੀ ਤੋਲੇ: ਬਰਕਤਿਆ...
ਰਿਜ਼ਕ ਪਤੀਲਾ ਢੱਕਣ ਚੁੱਕਿਆ ਬੀਬੀ

ਬੱਚੇ ਗੁਲੇਲ ਚਲਾਈ ਰੰਗਲਾ ਗੀਟਾ
ਪੰਛੀ ਹੱਸ ਕੇ ਉੜ ਜਾਂਦਾ ਹੈ

ਸ਼ਬਦ ਸਿਆਹੀ ਜਿਸਦਾ ਰੰਗ ਬਾਤ ਹਜ਼ਾਰਾਂ ਕਹਿੰਦਾ

ਦੂਰਬੀਨ ਹੈ ਪੁੱਠੀ ਕਰਕੇ ਦੇਖੋ –
ਜੋ ਨੇੜੇ ਸੀ ਦੂਰ ਹੈ ਦਿਸਦਾ

## ਸ਼ਬਦ

ਸਾਹ ਨੇ ਉਕਰਿਆ ਸ਼ਬਦ ਹਵਾ ਵਿਚ ਵਾਹ
ਗਲ਼ ਲੱਗਿਆ ਉਸ ਬੰਦੇ ਦੇ ਜਿਸ ਪਹਿਲੀ
ਵਾਰੀ ਵਾਹ ਕਿਹਾ ਸੀ
ਗਲ਼ ਲੱਗਿਆ ਉਨ ਸਭ ਕੇ ਜੋ ਵਾਹ ਵਾਹ ਕਰਦੇ
ਰੰਗ ਓਸਦੇ ਵੇਂਹਦੇ

ਸਾਹ ਨੇ ਉੱਕਰਿਆ ਸ਼ਬਦ ਹਵਾ ਵਿਚ ਮਾਂ
ਪਹਿਲ ਪ੍ਰਥਮੀ ਮਾਂ ਮੁੜ ਧਾਰਿਆ ਬੀਅ ਪਿਤਾ ਦੇ ਕੋਲ਼ੋਂ
ਹਰ ਮਾਂ ਅਪਣੀ ਅੰਮੜੀ ਦੇ ਗਲ਼ ਲੱਗੀ

ਸਾਹ ਨੇ ਉੱਕਰਿਆ ਸ਼ਬਦ ਹਵਾ ਵਿਚ ਲਾਡ
ਮੌਲ਼ਿਆ ਵਣ ਖ਼ੁਸ਼ਬੋਇਆ
ਲਾਡ ਲਡਾਇਆ ਸੁਲੱਖਣੀ ਨੇ ਨਾਨਕ ਨਾ'
ਸੋਹਣੀ ਨੇ ਮਹੀਵਾਲ਼ ਦੇ ਨਾਲ਼
ਮਾਇਆ ਪੂਰਨ ਦੇ ਅੰਗ ਲੱਗੀ

ਸਾਹ ਨੇ ਉੱਕਰਿਆ ਕੈਸਾ ਸ਼ਬਦ ਹਵਾ ਵਿਚ

## ਤੱਕਣੀ

ਤੱਕਣੀ ਸਿੱਧੀ ਨਹੀਂ ਸੀ
ਦੇਖ ਰਹੀ ਸੀ
ਦਿਸਹੱਦਾ ਕਿੱਥੋਂ ਤਕ ਹੈ

ਦੇਖ ਰਹੀ ਸੀ ਨਾਲ਼ੇ ਸੋਚ ਰਹੀ ਸੀ
ਟੁੱਟੀਆਂ ਤੰਦਾਂ ਗੰਢ ਰਹੀ ਸੀ
ਰੰਗ ਨੂੰ ਉਹਦੇ ਰੰਗ ਵਿਚ ਦੇਖ ਰਹੀ ਸੀ
ਨਿਰਮੋਹੀ ਤੱਕਣੀ
ਨਿੱਕੀ-ਨਿੱਕੀ ਗੱਲੋਂ ਭਿੱਜਣਹਾਰੀ

ਰਾਂਝੇ ਦੀ ਮੱਝੀਂ ਦੀ ਅੱਖ ਸੀ
ਸੋਹਣੀ ਨੇ ਸੀ ਕੱਜਲਾ ਪਾਇਆ

ਤੀਜਾ ਨੇਤਰ ਤਾੜੇ ਲੱਗਾ
ਜਾਗਦੀ ਅੱਖ ਵੀ ਸੁੱਤੀ ਪਈ ਸੀ

ਉੜਦੇ ਹਾਥੀ ਧਰਤੀ ਉਤਰੇ
ਮੀਂਹ ਵਿਚ ਭਿੱਜਦੇ ਸੁੱਤੇ ਹੋਏ ਸਨ
ਸਭ ਮੁਸਾਫ਼ਿਰ ਜਾ ਚੁੱਕੇ ਸਨ
ਦੇਸਾਂ ਨੂੰ ਪਰਦੇਸਾਂ ਨੂੰ
ਖੁਰਾ ਉਨ੍ਹਾਂ ਦਾ ਨੱਪਦੀ ਤੱਕਣੀ ਇਕ ਪਲ ਠਹਿਰੀ
ਤੱਕਣੀ ਸਿੱਧੀ ਨਹੀਂ ਸੀ

ਭਾਂ-ਭਾਂ ਕਰਦੇ ਟੇਸ਼ਣ ਉੱਤੇ ਰੱਬ ਦਾ ਬੰਦਾ ਕੱਲਾ ਸੀ
ਘੜੀ ਵੀ ਕੱਲੀ ਘੜੀ 'ਤੇ ਬੈਠਾ ਪੰਛੀ ਕੱਲਾ
ਹਰ ਕੋਈ ਮਹਿੰਗਾ ਬਹੁਤਾ     ਅਪਣਾ ਕਰਮ ਕਮਾਉਂਦਾ ਸੀ

ਦੇਖ ਰਹੀ ਸੀ ਤੱਕਣੀ ਸਿੱਧੀ ਨਹੀਂ ਸੀ

…

ਐਸੀ ਸੁਰ ਲਾਈ ਮਰਦਾਨੇ
ਬੁਣਤੀ ਹੋਰ ਬਣੀ॥

ਨਾਦ ਆਰੋਹੀ ਤਾਣੀ ਸੁਲ਼ਝੀ
ਸਿੱਧੀ ਤਾਰ ਤਣੀ॥

ਵੰਨਸੁਵੰਨ ਸੁਰੰਗ ਸੁਰੀਲਾ
ਧਾਗਾ ਜੁੜਿਆ ਨੀਲ ਅਨੀਲਾ॥

ਸਬਰ ਸੰਤੋਖ ਸੂਈ ਨਾ' ਸੀਤਾ
ਅੰਗ ਲਗਾਇਆ ਹੰਢਣਹਾਰ॥

ਤਨ ਮਨ ਸੀਤਲ ਰੰਗ ਰੰਗੱਈਆ
ਸਭ ਕੁਛ ਦਈਆ ਕੁਛ ਨਾ ਲਈਆ॥

ਐਸੀ ਸੁਰ ਲਾਈ ਮਰਦਾਨੇ।।।

ਯਗਾਨਗਤ

ਸੂਰਜ ਹੈ ਧੁੱਪ ਹੈ
ਵਿਚ ਚਾਨਣੀ ਚੰਨ ਚੁੱਪ ਹੈ
ਯਗਾਨਗਤ

ਕਾਗ਼ਜ਼ 'ਤੇ ਅੱਖਰ
ਦੋ ਦਿਲ ਵੱਖਰ
ਉਚਰੇ ਮੁਖਾਰਬਿੰਦ
ਵਾਣੀ ਹੋਈ ਕਿਸ ਬਿਧ
ਯਗਾਨਗਤ

ਰੂਹ ਕਲਬੂਤ ਹੈ
ਸ਼ਾਂਤੀ ਸਤੂਪ ਹੈ
ਸੁਰ ਹੈ ਤੇ ਸਾਜ਼ ਹੈ
ਕਿਸਦੀ ਆਵਾਜ਼ ਹੈ
ਯਗਾਨਗਤ

ਯਾਦ ਹੈ ਤੇ ਆਸ ਹੈ
ਜੀਉ ਦਾ ਧਰਵਾਸ ਹੈ
ਹਿਜਰ ਦੀ ਸਾਂਗ ਹੈ
ਮਿਲਣੇ ਦੀ ਤਾਂਘ ਹੈ

ਯਗਾਨਗਤ

* ਯਗਾਨਗਤ – ਇਹ ਲਫ਼ਜ਼ ਮੈਂ ਪਹਿਲੀ ਵਾਰ ਕਿਸੇ ਪੰਜਾਬੀ ਪਾਦਰੀ ਦੇ ਮੂੰਹੋਂ ਸੁਣਿਆ, ਤਾਂ ਕਈ ਦਿਨ ਡੂਮਣੇ ਵਾਂਙ ਪਿੱਛੇ ਲੱਗਾ ਰਿਹਾ। ਮਗਰੋਂ ਸ਼ਬਦਕੋਸ਼ ਨੇ ਦੱਸਿਆ ਕਿ ਇਸ ਫ਼ਾਰਸੀ ਲਫ਼ਜ਼ ਦਾ ਮਤਲਬ ਹੈ – ਅਪਣੱਤ, ਰਿਸ਼ਤੇਦਾਰੀ, ਸਹਿਮਤੀ, ਇਕਲਾਪਾ।

## ਸੁੰਨ

ਹਰ ਪਾਸੇ ਸੁੰਨਮ ਸਾਂ ਹੈ

ਨਾ ਰੰਗ ਨਾ ਰੇਖ
ਨਾ ਰੂਪ ਨਾ ਭੇਖ

ਨਾ ਹੀ ਮੋਹ ਤੇ ਨਾ ਹੀ ਖੋਹ
ਇਹ ਕੋਈ ਅਣਛੋਹੀ ਛੁਹ

ਦੂਰ ਕਿਤੇ ਕੋਈ ਪੰਛੀ ਬੋਲੇ
ਬੀਤ ਗਏ ਦੀ ਭੁੱਬਲ਼ ਫੋਲੇ

ਕਿਤੇ ਕੋਈ ਮਘਦਾ ਤਾਰਾ ਨਹੀਂ ਹੈ
ਸਭ ਅਧੂਰਾ ਸਾਰਾ ਨਹੀਂ ਹੈ

ਬਾਝ ਉਨ੍ਹਾਂ ਕੀ ਜੀਵਨ ਲੇਖਾ
ਇਹ ਮੋਇਆਂ ਨੂੰ ਸਾਰ ਨਹੀਂ ਹੈ

ਹਰ ਪਾਸੇ ਸੁੰਨਮ ਸਾਂ ਹੈ

## ਹੁਣੇ ਈ

ਹੁਣੇ ਈ ਉਸ ਨੇ ਬੱਤੀ ਬਾਲ਼ੀ
ਨੇਰ੍ਹਾ ਮਚ ਗਿਆ ਹੋਣਾ
ਖਿੱਚ ਕੇ ਕੀਤਾ ਪਰਦਾ
ਅੱਖਾਂ ਭਰ ਕੇ
ਨੀਲ ਸ਼ੇਟੀ ਆਕਾਸ਼ ਨੂੰ ਤੱਕਿਆ ਹੋਣਾ
ਫੇਰ ਮੂੰਹ ਮੋੜ ਕੇ
ਕਿਤਾਬ ਪੜ੍ਹਨ ਨੂੰ ਚੁੱਕੀ ਹੋਣੀ
ਚਿੱਤ ਨਾ ਟਿਕਿਆ

ਸੋਚਾਂ ਸਾਥ ਨਾ ਦਿੱਤਾ ਹੋਣਾ
ਪਿਆ ਖਲਾਰਾ ਕੱਠਾ ਕਰਨੇ ਲੱਗੀ
ਕੁਝ ਆਇਆ ਚੇਤੇ
ਫ਼ੋਨ ਘੁਮਾਇਆ
ਅੱਗੋਂ ਕੋਈ ਨਾ ਬੋਲਿਆ ਹੋਣਾ
ਬਹਿ ਤਖ਼ਤਪੋਸ਼ ਦੇ ਉੱਤੇ
ਕੰਧਾਂ ਨੂੰ ਫਿਰ ਘੂਰਨ ਲੱਗੀ
ਇਕਦਮ ਉੱਠੀ
ਖਿਲਰੇ ਵਾਲ਼ ਇਕੱਠੇ ਕਰਕੇ ਜੂੜਾ ਕੀਤਾ
ਬੁੱਲ੍ਹਾਂ ਨੂੰ ਸੁਰਖ਼ੀ ਲਾਈ
ਫਿਰ ਪਾਰਕ ਤਾਈਂ ਦੌੜ ਲਾਉਣ ਨੂੰ ਚਲੇ ਗਈ ਹੋਣੀ

ਇਹ ਸਭ ਇੰਜ ਹੀ ਹੋਇਆ ਹੋਣਾ        ਇਸ ਵੇਲੇ

ਤਾਰ

ਅਪਣੇ ਹੋਣ ਤੋਂ ਡਰ ਲਗਦਾ ਸੀ

ਸੱਜਣ ਨਾਲ਼ ਤਾਰ ਮਿਲਾਈ
ਵਾਜ ਸੁਣਨ ਨੂੰ ਤਰਸ ਰਿਹਾ ਸੀ
ਜਿਹੜੀ ਮੈਨੂੰ ਮਰਨ ਨਈਂ ਦਿੰਦੀ

ਹੋਰ ਸਾਰੀਆਂ ਗੱਲਾਂ ਹੋਈਆਂ
ਪਰ ਅਪਣਾ ਨਾ ਹਾਲ ਸੁਣਾਇਆ
ਕਹਿ ਛੱਡਿਆ –
ਠੀਕ-ਠਾਕ ਹਾਂ      ਰਾਜ਼ੀ-ਬਾਜ਼ੀ

ਉਹਦੇ ਸਿਰ ਤੋਂ ਭਾਰ ਇਹ ਲੱਥਾ ਹੋਣਾ –
ਸ਼ੁਕਰ ਬਾਝ ਮੇਰੇ ਉਸ ਜ਼ਹਿਰ ਨਈਂ ਖਾਧੀ
ਠੀਕ-ਠਾਕ ਹੈ ਫ਼ੋਨ ਕਰੇਂਦਾ
ਗਾਹੇ-ਗਾਹੇ
ਮੇਰੀ ਅਪਣੀ ਉਹਦੀ ਅਪਣੀ ਜ਼ਿੰਦਗੀ
ਉਹਨੂੰ ਦੁੱਖ ਦਿੰਦੀ ਹੈ ਮੈਨੂੰ ਸੁੱਖ ਨਈਂ ਦਿੰਦੀ
ਅਪਣੇ ਹੋਣ ਤੋਂ ਮੈਂ ਵੀ ਕਿਹੜੀ ਡਰਦੀ ਨਈਂ ਹਾਂ

ਅੰਤਿਮ ਵੇਲੇ
ਜਾਨ ਲਬਾਂ 'ਤੇ ਨਾਮ ਮਿਰਾ ਜੇ ਹੋਵੇ
ਸਦਕੇ ਉਹਦੇ ਸਦ-ਸ਼ੁਕਰਾਨਾ
ਜਾਨ ਲਬਾਂ 'ਤੇ ਨਾਮ ਮਿਰਾ ਜੇ ਨਾ ਵੀ ਹੋਵੇ
ਤਾਂ ਵੀ ਕੀ ਹੈ

ਭਾਵ

ਭਾਵਾਂ ਦਾ ਕੀ ਲੇਖਾ ਪਤਾ ਨਾ ਚਲਦਾ
ਇਹ ਕਿਉਂ ਕਰ ਹੁੰਦੇ

ਇਹ ਤਾਂ ਲਹਿਰ ਹੈ

ਬਣਦੀ ਉੱਠਦੀ ਖਿਰਦੀ
ਫਿਰ ਟਿਕ ਜਾਂਦੀ ਹੈ
ਪਾਣੀ ਪਾਣੀ ਉੱਤੇ

ਭਾਵਾਂ ਦਾ ਕੀ ਲੇਖਾ ਪਤਾ ਨਾ ਚਲਦਾ
ਕੀ ਨਾਂ ਦੇਵਾਂ ਪੱਥਰ ਉੱਤੇ ਲੀਕ ਜੋ ਹੋਵੇ
ਜਾਂ ਅੱਖਰ ਵਿਚ ਧਾਤ ਦੇ ਢਲਿ਼ਆ

ਭਾਵ ਤਾਂ ਉਡਦੀ ਰੇਤਾ ਉੱਤੇ
ਟਿਕਿਆ ਪੈਰ ਦਾ ਚਿੰਨ੍ਹ ਹੈ
ਬਣਦਾ ਰਹਿੰਦਾ ਖਿਰ ਜਾਂਦਾ ਹੈ
ਰੇਤ ਨੂੰ ਰੇਤਾ ਢਕ ਲੈਂਦੀ ਹੈ

ਭਾਵਾਂ ਦਾ ਕੀ ਲੇਖਾ ਪਤਾ ਨਾ ਚਲਦਾ
ਨੇਰ੍ਹੇ ਵਿਚ ਲਿਸ਼ਕਾਰਾ ਪੈਂਦਾ
ਬਣਦਾ ਖਿਲਰ ਜਾਂਦਾ ਖਿਰਨ ਤੋਂ ਪਹਿਲਾਂ
ਭਾਵ ਭਾਵ ਦੀ ਹਿੱਕ ਉੱਤੇ ਮੂੰਹ ਰਖ ਕੇ
ਡੂੰਘੇ ਸਾਹ ਭਰਦਾ ਹੈ
ਪਿੰਡੇ ਨੂੰ ਪਿੰਡਾ ਢਕ ਲੈਂਦਾ ਹੈ ਠੰਢ ਹੈ ਪੈਂਦੀ

ਭਾਵਾਂ ਦਾ ਮੈਂ ਨੂੰ ਪਤਾ ਨਾ ਲਗਦਾ

## ਮਰਹੂਮ ਪਠਾਣੇ ਖ਼ਾਂ ਨਾਲ਼ ਗੱਲਾਂ

ਉੱਠ ਸਾਈਂ ਹੁਣ ਹਸ਼ਰ ਦਿਹਾੜਾ ਚੜ੍ਹਿਆ
ਉੱਠ ਸੱਚੇ ਦੇ ਦਰਬਾਰ ਕੋਈ ਸੁਰ ਨਵਾਂ ਤੂੰ ਲਾ ਦੇ
ਤੇ ਸੁਣ
ਤੇਰੀ ਆਵਾਜ਼ ਦੇ ਅੰਦਰ ਹਰ ਕੋਈ ਜੀਵੇ
ਨਲੀਆਂ ਵੱਟਣ ਵਾਲ਼ੀ ਜੀਵੇ
ਰਿਜ਼ਕ ਨੂੰ ਜੂਝੇ ਹਾਰੀ ਜੀਵੇ
ਜੀਵੇ ਮਿਰਗ ਵਿਚਾਰਾ ਚੁੰਗੀਆਂ ਭਰਦਾ
ਸੀਨੇ ਦੱਬ ਕਥੂਰੀ।
ਆਵਾਜ਼ ਤੇਰੀ
ਜਿਉਂ ਵਗਦੀ ਵਾ ਟਿਕਦੀ ਜਾਂਦੀ
ਤਪਦੇ ਮਾਰੂਥਲ ਨੂੰ ਠਾਰੇ ਟਿਕੀ ਚਾਨਣੀ ਅੰਦਰ
ਚੰਨ ਖਲੋ ਤੇਰੇ ਬੋਲ ਸੁਣੇ ਹੈ
ਘੁੰਮਦਾ ਘੁੰਮਦਾ ਚਰਖਾ ਰੁਕ ਜਾਂਦਾ ਹੈ
ਦਿਲ ਨੂੰ ਠੰਢ ਪੈਂਦੀ ਹੈ
ਦੁੱਖ ਭੁੱਲ ਜਾਂਦਾ।
ਤੂੰ 'ਕੱਲਾ ਨਾ ਗਾਵੇਂ
ਨਾਲ਼ ਤੇਰੇ ਨੇ ਗਾਉਂਦੇ
ਜੰਗਲ ਬੇਲੇ ਰੋਹੀਆਂ ਰੱਕੜ
ਸ਼ਾਹ ਹੁਸੈਨ ਯਾਸੀਨ ਸਾਈਂ ਵੀ
ਯਾਰਾਂ ਦਾ ਗ਼ੁਲਾਮ ਮਿਠਨਕੋਟੀਆ
ਭੁੱਲਿਆ ਕਿਤੋਂ ਦਾ ਬੁੱਲ੍ਹਾ।

ਉੱਠ ਸਾਈਂ ਅੱਜ ਹਸ਼ਰ ਦਿਹਾੜਾ ਚੜ੍ਹਿਆ

* ਯਾਸੀਨ – ਪਠਾਣੇ ਖ਼ਾਂ (1926- ਮਾਰਚ 2000) ਦਾ ਸਾਥੀ। ਗ਼ੁਲਾਮ ਫ਼ਰੀਦ ਮਿਠਨਕੋਟ ਦਾ ਸੀ। ਲਹਿੰਦੀ ਵਿਚ ਹਾਰੀ ਖੇਤ ਮਜ਼ਦੂਰ ਨੂੰ ਕਹਿੰਦੇ ਹਨ। ਤੁਰਕੀ ਦੇ ਲਫ਼ਜ਼ ਸਾਈਂ ਦਾ ਮਤਲਬ ਹੈ – ਪਿਆਰਾ।

## ਗਮ ਦਾ ਗੋਲ਼ਾ

ਢਿੱਡ ਮੇਰੇ ਵਿਚ ਗਮ ਦਾ ਗੋਲ਼ਾ
ਗੋਲ਼ੇ ਦੇ ਵਿਚ –
ਡੁੱਬੇ ਸੂਰਜ
ਗ੍ਰਹਿਣੇ ਚੰਨ
ਬੇਰੰਗ ਤਿਤਲੀਆਂ

ਰੱਤ ਰੰਗੇ ਅੰਦਰ –
ਮਾਂ ਦਾ ਕੱਤਿਆ ਕਾਲ਼ਾ ਗੋਹੜਾ
ਪਈ ਉਸ ਦੇ ਅੰਦਰ ਨਾਗਮਣੀ ਹੈ
ਸਾਹ ਸੂਤ ਕੇ

ਸਾਹੀਂ ਪਲ਼ਦਾ ਗਮ ਦਾ ਗੋਲ਼ਾ
ਉੱਠਦਾ ਘੁੰਮਣਘੇਰੀ ਡਿਗਦਾ ਢਹਿੰਦਾ ਹੌਲ ਹੈ ਪੈਂਦਾ
ਨਾ ਹੱਸਣ ਨਾ ਰੋਵਣ ਦਿੰਦਾ

ਜੇਠ ਹਾੜ ਦੀ ਸਿਖਰ ਦੁਪਹਿਰੇ
ਮੂਧੇ ਮੂੰਹ ਪਈ ਲੰਮੀ
ਵਿਹੜੇ ਵਿਚ ਕੰਧਾਂ ਦੀ ਛਾਂ ਹੈ
ਬੋਲੇ ਘੁੱਗੀ ਅਪਣੇ ਆਪ ਨਾ' ਗੱਲਾਂ ਕਰਦੀ
ਜਾਂ ਪੋਹ ਮਾਘ ਦੀ ਚੰਨ ਚਾਨਣੀ
ਤ੍ਰੇਲ ਦੇ ਕਤਰੇ ਅੰਦਰ ਲਟਕੇ ਡਿਗਦੀ ਨਹੀਂ ਹੈ
ਅੱਗ ਲਾਂਵਦੀ ਧੁਖਦੀ ਰਹਿੰਦੀ ਬੁੱਝਦੀ ਨਹੀਂ ਹੈ

ਗਮ ਦੇ ਗੋਲ਼ੇ ਨੂੰ ਕੱਟਣ ਦਾ ਲੱਖ ਚਾਰਾ ਕੀਤਾ
ਨਸ਼ਤਰ ਨਾ ਲੱਭਾ
ਚੀਰ ਨਾ ਸਕਿਆ ਚਰਕ ਵੈਦ ਵੀ
ਤਾਵੀਜ਼ ਕਿਸੇ ਵੀ ਕਾਟ ਨਾ ਕੀਤਾ

## ਬਾਰੂ ਤੇ ਸੰਤੋਖ

*ਬਾਰੂ ਟਾਂਗੇ ਵਾਲ਼ੇ ਦੀ ਜਦੋਂ ਮੈਂ ਕਹਾਣੀ ਕੋਈ ਇਕ ਸਵਾਰ ਲਿਖੀ, ਤਾਂ ਉਹਨੇ ਰੇਡੀਉ ਤੋਂ ਸੁਣ ਲਈ। ਉਹ ਅਨਪੜ੍ਹ ਸੀ। ਇਕ ਦਿਨ ਮੈਂ ਉਹਦੇ ਟਾਂਗੇ ਚ ਬੈਠਾ। ਸਾਰੇ ਰਸਤੇ ਉਹ ਮੇਰੀ ਵਲ ਵੇਖਦਾ ਰਿਹਾ, ਮੂੰਹੋਂ ਕੁਛ ਨਹੀਂ ਬੋਲਿਆ। ਜਦ ਮੈਂ ਉਹਦੇ ਟਾਂਗੇ ਚੋਂ ਉਤਰਿਆ, ਤਾਂ ਉਹ ਮੈਤੋਂ ਪੈਸੇ ਨਾ ਲਵੇ। ਨਾ ਮੈਂ ਉਹਤੋਂ ਪੁੱਛਿਆ ਤੇ ਨਾ ਉਹਨੇ ਦੱਸਿਆ।* – ਸੰਤੋਖ ਸਿੰਘ ਧੀਰ

ਬਾਰੂ ਤੂੰ ਤਾਂ ਤਾਰੂ ਸੱਤ ਪੱਤਣਾਂ ਦਾ
ਤਰ ਗਿਉਂ ਵੈਤਰਣੀ
ਧੰਨ ਲਿਖਾਰੀ ਜਿਨ ਲਿਖਿਆ ਲੇਖਾ ਤੇਰਾ
ਤੇਰੀ ਸੂਰਤ ਸ਼ਬਦ ਸਮਾਈ
ਨਾਨਕ ਜਿਸਦੀ ਸਿਫ਼ਤ ਸ਼ਾਹੀ

ਤੂੰ ਅਮਰ ਮਾਂ ਬੋਲੀ ਵਾਂਙੂੰ

ਤੂੰ ਅਮਰ ਹੈਂ ਪੋਥੀ ਵਾਂਙੂੰ
ਤੂੰ ਅਮਰ ਉਸ ਵਾਂਙੂੰ ਜੋ ਪੋਥੀ ਅੰਦਰ ਰਚਿਆ

ਜੀਵਨ ਖੇਤਰ ਯੁੱਧ ਖੇਤਰ ਹੈ
ਟਾਂਗਾ ਤੇਰਾ ਜਿਉਂ ਧਰਤੀ ਰੱਥ ਹੈ ਸੂਰਜ ਘੋੜਾ
ਵਿਚ ਅਰਜਨ ਕ੍ਰਿਸ਼ਣ ਮੁਰਾਰ ਬਰਾਜੇ
ਨਾ ਕੁਛ ਕਹਿਤੇ ਨਾ ਸੁਨਤੇ ਹੈਂ
ਕਰਨੇ ਵਾਲ਼ੀ ਗੱਲ ਨਾ ਕਾਈ
ਹਰਫ਼ੇ-ਆਖ਼ਿਰ ਚੁੱਪ ਵਰਤਾਈ
ਦੇਖੀ ਜਾਵੇਂ ਯਾਦ ਨਾ ਆਵੇ
ਤੇਰਾ ਇ੍ਹ ਜਨਮ-ਵਿਛੁੰਨਾ ਭਾਈ
ਦੋਹਵੇਂ ਰੱਬ ਦੇ ਬੰਦੇ
ਰਲ਼ ਕੇ ਸੁੱਚੇ ਕਰਮ ਕੀਤੋਨੇ
ਦੋਹਵਾਂ ਸੁਹਣੀ ਕਿਰਤ ਕਮਾਈ
ਬਾਰੂ ਤੂੰ ਤਾਂ ਤਾਰੂ
ਧੰਨ ਲਿਖਾਰੀ ਤੂੰ ਸੱਚਾ ਲਿਖਣੇ ਵਾਲ਼ਾ

…

ਮੈਂ ਨਵਰੋਜ਼ ਨੂੰ ਪੁੱਛਿਆ: ਤੇਰੀ ਮਾਂ ਕਿੱਥੇ ਐ? – ਆਖਣ ਲੱਗਾ: ਅਪਣੀ ਸਹੇਲੀ ਕੋਲ਼ ਐ, ਗੱਲਾਂ ਕਰਦੀ ਐ, ਹੱਸੀ ਜਾਂਦੀ ਐ, ਰੋਈ ਜਾਂਦੀ ਐ।

ਪੁੱਤਰਾ ਗੱਲਾਂ ਕਰਨਾ ਹੱਸਣਾ ਰੋਣਾ
ਏਹੀ ਜੀਣਾ ਏਹ ਬੰਦੇ ਦੀ ਹੋਣੀ

ਹੱਸਦਾ ਵੀ ਤਾਂ ਗੱਲਾਂ ਕਰਦਾ ਰੋਂਦਾ
ਰੋਂਦਾ ਵੀ ਤਾਂ ਗੱਲਾਂ ਕਰਦਾ ਹੱਸਦਾ
ਇੱਕੋ ਵੇਲੇ ਗੱਲਾਂ ਕਰਦਾ ਹੱਸਦਾ ਰੋਂਦਾ

ਸਾਰੀ ਉਮਰ ਵਿਹਾਣੀ ਸਮਝ ਨਾ ਆਣੀ
ਰੋਵਣ ਹੱਸਣ ਵਾਲ਼ੀ ਗੱਲ ਕਿਹੜੀ ਹੈ

ਬੰਦਾ ਜੰਮਦੇ-ਸਾਰ ਹੀ ਰੋਂਦਾ
ਫਿਰ ਹੱਸਣਾ ਅਪਣੇ ਆਪ ਨਾ' ਗੱਲਾਂ ਕਰਨੀਆਂ ਸਿਖਦਾ
ਸਿਖਦਾ ਅਣਸਿਖਦਾ ਭੁੱਲਣ ਲਗਦਾ
ਯਾਦ ਨਾ ਆਉਂਦੀ –
ਵਹਿ ਗਏ ਪਾਣੀ
ਔਹ ਗਏ ਔਹ ਗਏ ਔਹ ਗਏ
ਨਾ ਮੁੱਕੇ ਨਾ ਜੀਉਂਦੇ
ਪਤਾ ਨਾ ਲਗਦਾ
ਜਾਂਦੇ ਹਨ ਕਿ ਆਉਂਦੇ

ਸਭ ਤੋਂ ਨੇੜੇ ਸ਼ਾਹਰਗ ਨੇੜੇ
ਫਿਰ ਹੱਸਣ ਵਾਲ਼ੀ ਰੋਵਣ ਵਾਲ਼ੀ ਗੱਲ ਕਿਹੜੀ ਹੈ
ਦੱਸ ਤਾਂ ਮੈਨੂੰ

## *ਆਰਸੀ* ਨੂੰ ਅਲਵਿਦਾ

ਕੈਸਾ ਬੋਧੀ
ਦਾਣਾ ਦਾਣਾ ਕਰਕੇ
ਰੰਗ ਸੁਰੰਗਾ ਮੰਡਲ ਬਾਇਆ
ਹੱਥੀਂ ਲਾਇਆ ਪੈਰੀਂ ਢਾਇਆ

ਕੈਸਾ ਰੱਬ ਹੈ
ਆਪਨੜੈ ਹਥ ਆਰਸੀ ਆਪੇ ਹੀ ਵੇਖੀ
ਜਿਸ ਵੀ ਤੱਕਿਆ ਸਗਲਾ ਤੱਕਿਆ
ਸ਼ਬਦ ਅਨੋਖਾ ਅਰਥ ਨਾ ਕੋਈ

ਕੈਸੀ ਪੋਥੀ
ਮੀਂਹ ਵਿਚ ਭਿੱਜੀ
ਪਤਰਾ ਸੁੱਕਾ ਘੁੱਪ-ਅਨ੍ਹੇਰੇ ਅੱਖਰ
ਚਮਕਣ
ਵਰਕਾ ਵਰਕਾ ਪੜ੍ਹਦਾ ਝੱਖੜ

ਕੈਸਾ ਲਿਖਿਆ
ਸੱਚਖੰਡ ਬੂਹੇ ਦਸਤਕ
ਆਕਾਸ਼ ਪਾਤਾਲੀਂ ਮੇਲ਼ ਮਿਲਾਇਆ
ਸਮਝ ਨਾ ਆਇਆ
ਕਿਤੇ ਰਖਣਾ ਅਗਲਾ ਕਦਮ ਤਮੰਨਾ

ਕੈਸਾ ਬੋਧੀ ਕੈਸਾ ਰੱਬ ਹੈ
ਕੈਸੀ ਪੋਥੀ ਕੈਸਾ ਲਿਖਿਆ

## ਜੋਤ

ਬੱਤੀ ਸੀਖੀ
ਫੂਕ ਮਾਰ ਕੇ ਸੀਖ ਬੁਝਾਈ

ਇਕ ਜੋਤ ਜਗੀ      ਇਕ ਬੁਝ ਗਈ

ਜੋਤ ਜਗੀ ਪ੍ਰਥਮ ਜੋਤ ਨੂੰ ਚੇਤੇ ਕਰਕੇ
ਧਿਆਨ ਧਰਾਉਂਦੀ ਬਲ਼ਦੀ ਰਹਿੰਦੀ      ਸਾਹ ਲੈਂਦੀ ਹੈ
ਕੰਬਦੀ ਡਿਗਦੀ ਉਠਦੀ

ਜਗਦੀ ਲੋਅ ਵਿਚ
ਹੱਥ ਹੱਥਾਂ ਨੂੰ ਵੇਂਹਦੇ
ਕਲਮ ਅੱਖਰ ਨੂੰ
ਅੱਖਰ ਕਾਗ਼ਜ਼ ਅਰਥ ਆਕਾਸ਼ਾਂ
ਅੱਖ ਲਿਸ਼ਕਾਰਾ
ਲਾਟ ਯਾਦ ਦੀ
ਸੁਰਮੰਡਲ ਤਾਰਾਂ
ਤਰਬਾਂ ਜ਼ਰਬਾਂ
          ਜਦ ਬੱਤੀ ਸੀਖੀ

## ਕਾਲ ਦਾ ਅਭਿਆਸ

ਤੁਸੀਂ ਏਥੇ ਕਿੰਨਾ ਚਿਰ ਰਹੋਗੇ?

ਇਹ ਭਵਿਖ ਕਾਲ ਹੈ
ਵਰਤਮਾਨ ਵਿਚ ਹੋ ਰਿਹਾ
ਹੋਣ ਦਾ ਮਤਲਬ ਹੈ –
ਜੋ ਘਟ ਰਿਹਾ ਹੈ    ਘਟਦਾ ਹੈ    ਘਟ ਜਾਣਾ ਹੈ

ਤੁਸੀਂ ਰਹੋਗੇ
ਗੇ ਭਵਿਖ ਕਾਲ ਹੈ
ਅਗਲਾ ਪਲ ਜਾਂ ਅਗਲੀ ਸਦੀ
ਰਹੋਗੇ ਦੀ ਜੜ੍ਹ ਹੈ – ਰਹਿ
ਰਹਿ ਦਾ ਮਤਲਬ – ਜੀਵਨ ਹੈ    ਜੀਉਂਦੇ ਰਹਿਣਾ ਮਰਨਾ ਨਾ

ਤੁਸੀਂ ਜੋ ਅਪਣਾ ਘਰ ਛੱਡ ਕੇ ਆਏ ਹੋ
ਏਥੇ ਕਿੰਨਾ ਚਿਰ ਕਿਹੜੇ ਜਿਗਰੇ ਨਾਲ਼ ਰਹੋਗੇ?
ਘੜੀ    ਪਲ    ਹਫ਼ਤਾ    ਕਿੰਨੇ ਕੁ ਸਾਲ?

ਤੁਸੀਂ ਜਿੰਨੀ ਦੇਰ ਮਰਜ਼ੀ ਰਹੋ
ਜਾਣ ਲੱਗੇ ਬੂਹੇ ਬਾਰੀਆਂ ਚੰਗੀ ਤਰ੍ਹਾਂ ਦੇਖ ਕੇ ਜਾਣਾ
– ਪਿੱਛੇ ਕੁਛ ਰਹਿ ਤਾਂ ਨਹੀਂ ਗਿਆ?

ਇਸ ਵਾਕ ਦੀਆਂ ਕ੍ਰਿਆਵਾਂ ਦਾ ਅਭਿਆਸ ਫੇਰ ਕਰਾਂਗੇ –

ਤੁਸੀਂ ਆਉਂਦੇ ਜਾਂਦੇ    ਲੰਘਦੇ    ਵੜਦੇ
ਉੱਠਦੇ ਬਹਿੰਦੇ    ਮਿਲ਼ਦੇ ਗਿਲ਼ਦੇ ਰਿਹਾ ਕਰੋ

…

ਤੂੰ ਜੋ ਸੋਚਦੀ ਏਂ
ਉਹ ਬੋਲਦੀ ਨਹੀਂ
ਤੇਰੀ ਸੋਚ ਤੇਰੇ ਬੋਲ
ਦੋ ਕਿਨਾਰੇ ਹਨ
ਵਿਚਕਾਰ ਸੁੱਕੀ ਨਦੀ ਹੈ
ਦੇਰ ਹੋਈ ਇਸ ਵਿਚ ਹੜ੍ਹ ਆਇਆ ਸੀ

ਜੋ ਤੇਰੇ ਢਿੱਡ ਚ ਹੈ
ਉਹ ਤੇਰੀ ਸੋਚ ਵਿਚ ਨਹੀਂ
ਉਹ ਵੀ ਤੂੰ ਬੋਲਦੀ ਨਹੀਂ
ਤੇਰਾ ਚਿਤ ਤੇਰੇ ਬੋਲ ਤੇਰੀ ਸੋਚ
ਤਿੰਨ ਲੋਕ ਹਨ ਇਕ ਦੂਜੇ ਤੋਂ ਦੂਰ
ਦੇਰ ਹੋਈ ਆਪਾਂ ਏਥੇ ਰਹਿੰਦੇ ਸੀ

ਜੋ ਤੇਰੇ ਢਿੱਡ ਚ ਹੈ
ਮੇਰੇ ਨਹੁੰਆਂ ਚ ਹੈ
ਉਹ ਮੈਂ ਦੱਸਾਂ ਤਾਂ ਕਿਵੇਂ ਦੱਸਾਂ

ਮੈਨੂੰ ਸਮਝ ਨਹੀਂ ਆਉਣਾ
ਜੋ ਮੈਂ ਸੋਚਦਾ ਹਾਂ ਮੈਂ ਤੋਂ ਕਿਹਾ ਨਹੀਂ ਜਾਂਦਾ

ਆਪਾਂ ਦੋਹਵੇਂ ਬੋਲੀ ਕੋਈ ਹੋਰ ਬੋਲਦੇ

…

ਕਾਗ਼ਜ਼ ਪਾਰੋਂ
ਅੱਖਰ ਪਾਰੋਂ
ਪੱਥਰ ਅੰਦਰ
ਸਾਗਰ ਤਹਿ ਵਿਚ ਜਿਸਦਾ ਵਾਸਾ
ਉਹੀ ਚੁੱਪ ਹੈ
ਰੂਹ ਕਲਮ ਦੀ

ਸ਼ਬਦ ਚੁੱਪ ਦਾ ਪਰਛਾਵਾਂ ਹੈ
ਜਾਂ ਉਸਦਾ ਦਿਲ ਧੜਕ ਰਿਹਾ
ਪਲਕਾਂ ਝਪਕਣ
ਫੁੱਲ ਖਿੜਿਆ ਹੈ
ਫ਼ਲ ਦੀ ਸੁਰਗੰਧੀ ਵਰਤ ਰਹੀ

ਰਾਂਝੇ ਮੁਰਲੀ ’ਤੇ ਬੁੱਲ੍ਹ ਧਰ ਕੇ
ਡੂੰਘਾ ਸਾਹ ਭਰਿਆ ਹੈ

ਸਾਈਂ ਮੀਰ ਮਜ਼ਾਰ ਦੇ ਉੱਤੇ
ਦੀਵਾ ਜਗਿਆ ਚੁੱਪ ਜਗੀ ਹੈ ਲੋਆਂ ਵੰਡਦੀ
ਹੁਣ ਤਾਂ ਮੰਨਤ ਪੂਰੀ ਹੋ ਕੇ ਰਹਿਣੀ
ਬਸ, ਏਨੀ ਕੁ ਇੱਛਿਆ ਸੀ ਤੇਰੀ?

ਚੁੱਪ ਡਿਗੇ ਹੈ ਕਣੀਆਂ ਵਾਂਙੂੰ
ਬੱਦਲ਼ੀ ਦੀ ਪੋਣੀ ਥਾਣੀਂ
ਭਿੱਜਦਾ ਜਾਂਦਾ ਜ਼ੱਰਾ ਜ਼ੱਰਾ
ਕੌਣ ਹੈ ਇਸਨੂੰ ਛਾਣ ਰਿਹਾ?

## ਨੰਬਰ 4 ਲਤੀਫ਼ਾ

ਨੰਬਰ
ਅੰਬਰ ਅੰਬਰ
ਅਰਬਦ ਨਰਬਦ ਕੋਟ ਅਸੰਖਾਂ

ਨੰਬਰ ਤਰਲਾ ਗਿਣਤੀ ਮਿਣਤੀ
ਨੰਬਰਾਂ ਨੂੰ ਜੀਭ ਲੱਗੀ ਹੈ ਬੋਲੀ ਦੀ

ਸਭ ਕੁਛ ਨੰਬਰਾਂ ਅੰਦਰ
ਧੁੰਦੂਕਾਰਾ ਦਾਣਾ ਪਾਣੀ ਬੈਂਕ ਦਾ ਖਾਤਾ
ਚਲਦਾ ਵਿਚ ਦਰਗਾਹੀਂ
ਬਰਾਂਚ ਜੇਸ ਦੀ ਇਸ ਦੁਨੀਆ ਵਿਚ ਖੁੱਲ੍ਹੀ

ਨੰਬਰ ਰਸਮੁੱਲਖ਼ਤ ਅੱਲ੍ਹਾ ਦਾ
ਜਿਸ ਵਿਚ ਉਸਦਾ ਨਾਉਂ ਹੈ ਲਿਖਿਆ

ਸੁਣ ਕੇ ਨੰਬਰ 4 ਲਤੀਫ਼ਾ
ਘੜੀ ਦੀ ਇਕ ਗਰਾਰੀ ਟੁੱਟ ਗਈ
ਸਮਾਂ ਨਾ ਰੁਕਿਆ
ਦਗ਼ਾ ਕਮਾਉਂਦਾ ਲੰਘਦਾ ਜਾਂਦਾ
ਨਾ ਮਿਤ ਕਿਸੇ ਦਾ
ਨਿਰਮੋਹੀ ਜ਼ਾਲਿਮ ਹੰਕਾਰੀ
ਬੇਕਿਰਕ ਕਿਤੇ ਦਾ ਨੰਬਰ 4 ਲਤੀਫ਼ਾ

* ਪਾਗਲਖ਼ਾਨੇ ਚ ਕੋਈ ਲਤੀਫ਼ੇ ਸੁਣਾਉਣੋਂ ਨਹੀਂ ਸੀ ਹਟਦਾ। ਬਾਕੀਆਂ ਨੇ ਉਹਨੂੰ ਮਨਾ ਲਿਆ ਕਿ ਉਹ ਲਤੀਫ਼ੇ ਦਾ ਨੰਬਰ ਦਸ ਦਿਆ ਕਰੇ ਤੇ ਉਹ ਹੱਸ ਪਿਆ ਕਰਨਗੇ। ਨੰਬਰ 4 ਵਾਲ਼ਾ ਸਭ ਤੋਂ ਵਧ ਕੇ ਸੀ।

## ਬੈਂਗਣ

ਕੀ ਕੁਛ ਬਣਿਆ ਬੈਂਗਣ
ਬਤਾਊਂ ਬੇਗੁਣ ਬਾਗੁਣ
ਭੁੜਥਾ ਭਾਜੀ

ਬੰਦੇ ਇਸਨੂੰ ਵੇਖਦਿਆਂ ਨਾਂ ਰੰਗ ਦਾ ਧਰਿਆ
ਕਪੜੇ ਚੜ੍ਹਿਆ
ਸਿਰ ਦਾ ਪੱਲਾ
ਹਿਕ ਨੂੰ ਢਕਦੀ ਕੁੜਤੀ

ਰੰਗ ਬੈਂਗਣੀ ਸਿਰ ’ਤੇ ਟੋਪੀ ਸਾਵੀ ਸੁਹੰਦੀ
ਨਾ ਨੀਲਾ ਨਾ ਕਾਲ਼ਾ ਲਗਦਾ
ਰੰਗ ਲਿਸ਼ਕੇ ਜਾਂ ਚਮੜੀ ਲਿਸ਼ਕੇ
ਪਤਾ ਨਾ ਲਗਦਾ
ਕਹਿੰਦੇ ਤਾਸੀਰ ਏਸਦੀ ਗਰਮ ਖ਼ੁਸ਼ਕ ਹੈ

ਬੰਦੇ ਲਈ ਕੁਰਬਾਨੀ ਦਿੰਦਾ ਅਮਰ ਸ਼ਹੀਦ ਬਤਾਊਂ
ਅੱਗ ਵਿਚ ਸੜਦਾ
ਕੁੰਦਨ ਬਣਦਾ
ਬੰਦ ਬੰਦ ਕੱਟਦਾ ਸੀਅ ਨਾ ਕਰਦਾ

ਬਣਦਾ ਬਣਦਾ ਕੀ ਕੁਛ ਬਣਿਆ ਬੈਂਗਣ

## ਫ਼ੋਟੋ

ਸੈਸਟੀਨ ਚੈਪਲ, ਵੈਟੇਕਨ, ਰੋਮ ਵਿਚ ਮਾਈਕਲਐਂਜਲੋ (1475-1564 ਈਸਵੀ) ਦਾ ਸ਼ਾਹਕਾਰ ਵੇਖ ਕੇ

ਵਾਹ! ਕੈਸੀ ਮਾਈਕਲ ਫ਼ੋਟੋ ਖਿੱਚੀ
ਧੰਨ ਧੰਨ ਹੁੰਦੀ ਜਾਵੇ

ਇਕ ਵਾਰੀ ਸੁੱਤਿਆਂ ਮਾਈਕਲ ਡਿੱਠਾ –
ਰੱਬ ਜੀ ਕਲਾ ਜਗਾਉਂਦੇ

ਨਾਲ਼ ਫ਼ਰਿਸ਼ਤੇ ਹਾਜ਼ਿਰ ਨਾਜ਼ਿਰ
ਇੱਕੋ ਛੁਹ ਨਾ'
ਆਦਮ ਵਿਚ ਰੂਹ ਫੂਕਣ ਲੱਗੇ

ਫਿਰ ਜਾਗਦਿਆਂ ਮਾਈਕਲ ਫ਼ੋਟੋ ਵਾਹੀ ਧਰਤੀ ਦੀ ਛੱਤ ਦੇ ਉੱਤੇ
ਭਰ ਕੇ ਰੰਗ ਕਰਤਾਰੀ

ਖ਼ਲਕਤ ਸਾਰੀ
ਹੱਕੀਬੱਕੀ ਅੱਖੀਆਂ ਭਰ ਕੇ
ਧੰਨ ਧੰਨ ਕਰਦੀ ਜਾਵੇ
ਸਿਰ ਨਿਵਾਵੇ
ਨਾਮ ਧਿਆਵੇ
ਯਹੋਵਾਹ ਪਰਮੇਸ਼ਰ
ਯਹੋਵਾਹ ਪਰਮੇਸ਼ਰ

* ਯਹੋਵਾਹ ਪਰਮੇਸ਼ੁਰ ਨੇ ਆਦਮੀ ਨੂੰ ਜ਼ਮੀਨ ਦੀ ਮਿੱਟੀ ਤੋਂ ਰਚਿਆ ਅਤੇ ਉਸਦੀਆਂ ਨਾਸਾਂ ਵਿਚ ਜੀਵਣ ਦਾ ਸਾਹ ਫੂਕਿਆ ਸੋ ਆਦਮੀ ਜੀਉਂਦੀ ਜਾਨ ਹੋ ਗਿਆ 0 – ਅੰਜੀਲ , ਉਤਪਤ 2:7

## ਬਿੱਕਰ

ਬਿੱਕਰ ਸਿਆਂ
ਮੈਂ ਜਿਥੇ ਜਾਵਾਂ
ਤੂੰ ਉਥੇ ਹੁੰਦੈਂ
ਫੁੱਲ ਵੇਚਦਾ ਮੈਥੋਂ ਨਜ਼ਰ ਬਚਾ ਕੇ
ਯੂਰਪ ਦੇ ਹਰ ਨੱਗਰ
ਪੈਰਿਸ ਬਰਲਿਨ ਅਮਸਟਰਡਮ
ਸ਼ਹਿਰ ਵੀਆਨਾ ਰੋਮ ਪਰਾਗ
ਵੇਚੇਂ ਫਿਰਦਾ ਪ੍ਰੇਮ ਨਿਸ਼ਾਨੀ
ਗੁਲਾਂ ਦਾ ਦਸਤਾ ਲਾਲ ਗੁਲਾਬ
ਹੱਸਦੇ ਪ੍ਰੇਮੀ ਗਾਹਕ ਤੇਰੇ
ਮੁੰਡਾ ਫੁੱਲ ਕੁੜੀ ਨੂੰ ਦਿੰਦਾ
ਕਹਿੰਦਾ: ਮੈਂ ਪ੍ਰੇਮ ਦੀਵਾਨਾ ਤੇਰਾ ਯਾਰ
ਕੁੜੀ ਜਾਣਦੀ ਝੂਠ ਬੋਲਦਾ ਆਪ ਵੀ ਝੂਠੀ
ਸਾਰੀ ਗੱਲ ਹੈ ਅੱਜ ਦੀ ਰਾਤ

ਭਾਈ ਬਿੱਕਰ ਸਿੰਘਾ
ਤੂੰ ਖ਼ੁਸ਼ ਨੀਂ ਲਗਦਾ
ਤੈਨੂੰ ਚੁੱਪ ਕਾਹਦੀ ਐ ਲੱਗੀ
ਤੇਰਾ ਵੀ ਕੋਈ ਇਸ ਜੱਗ ਅੰਦਰ
ਜਿਸਨੂੰ ਦੇਵੇਂ ਪ੍ਰੇਮ ਨਿਸ਼ਾਨੀ
ਅਪਣੀ ਬੋਲੀ ਅੱਖ ਲਿਸ਼ਕਾ ਕੇ
ਆਖੇਂ ਜਿਸਨੂੰ ਮਹਰਮਯਾਰ
ਕਿਸਨੂੰ ਲਭਦੈਂ
ਨਗਰੀ ਨਗਰੀ ਦੁਆਰੇ ਦੁਆਰੇ

ਰੁੜਕੇ ਪਿੰਡ ਦਾ ਬਿੱਕਰ ਜੱਟ
ਵਿਚ ਵਲੈਤੀਂ ਫੁੱਲ ਵੇਚਦਾ

## ਪਰਦੇਸੀਆਂ ਦੀ ਦੀਵਾਲ਼ੀ

ਪਰਦੇਸੀਆਂ ਨਥਾਵਿਆਂ ਦੀ ਇਹ ਵੀ ਕੀ ਦੀਵਾਲ਼ੀ ਹੈ।
ਕਾਲ਼ੀ ਭਿੱਜੀ ਰਾਤ ਖੜ੍ਹੀ ਦਰਾਂ 'ਤੇ ਸਵਾਲੀ ਹੈ॥

ਸਾਊ ਪੁਤ ਰਾਮ ਜੀ ਤਾਂ ਚਲੇ ਗਏ ਸੀ ਘਰ ਨੂੰ।
ਕਮਾਊ ਪੁਤ ਮੁੜੇ ਨਹੀਂ ਹਾਲੇ ਤਾਈਂ ਘਰ ਨੂੰ॥

ਬਾਰਾਂ ਦੇ ਹਜ਼ਾਰਾਂ ਹੋਏ, ਭੁੱਲੀ ਸਾਰੀ ਗਿਣਤੀ।
ਨਿਤ ਦੇਸ ਦੂਰ ਹੁੰਦਾ, ਹੁੰਦੀ ਨਹੀਂ ਮਿਣਤੀ॥

ਦੀਵੇ ਕਿੱਥੇ ਬਾਲ਼ੀਏ ਬਨੇਰੇ ਨਹੀਓਂ ਘਰ ਦੇ।
ਕੋਰੇ ਚਿੱਟੇ ਦਿਲ ਕਦੇ ਦੁੱਖ ਨਹੀਂਉਂ ਹਰਦੇ॥

ਪੀ ਕੇ ਦਾਰੂ ਖੇੜਦੇ, ਜੀਣ ਦਾ ਕੀ ਪੱਜ ਹੈ।
ਕੌਣ ਜਾਣੇ ਕਿਹੜੀ ਘੜੀ, ਕਲ੍ਹ ਹੈ ਨਾ ਅੱਜ ਹੈ॥

ਜਿਥੇ ਮੇਰਾ ਵਾਸਾ ਉਥੇ ਕੰਧ ਹੈ ਨਾ ਦਰ ਹੈ।
ਏਸੇ ਨੂੰ ਮੈਂ ਜਾਣਿਆ ਘਰੋਂ ਦੂਰ ਘਰ ਹੈ॥

ਪਰਦੇਸੀਆਂ ਨਥਾਵਿਆਂ ਦੀ ਇਹ ਵੀ ਕੀ ਦੀਵਾਲ਼ੀ ਹੈ।
ਕਾਲ਼ੀ ਭਿੱਜੀ ਰਾਤ ਖੜ੍ਹੀ ਦਰਾਂ 'ਤੇ ਸਵਾਲੀ ਹੈ॥

## ਬੁੱਤਸ਼ਿਕਨ ਨਾਲ਼ ਗੱਲ

ਤੂੰ ਬੁੱਤ ਤੋੜਿਆ ਚੰਗਾ ਕੀਤਾ
ਬੁੱਤ ਨੂੰ ਉਹਦੇ ਨਾਲ਼ ਜੋੜਿਆ ਚੰਗਾ ਕੀਤਾ

ਸੌ ਭੁਲੇਖਿਆਂ ਨਾਲ਼ੋਂ ਇਕ ਭੁਲੇਖਾ ਚੰਗਾ

ਤੌਬਾ ਤੌਬਾ
ਜਿੰਨੇ ਬੰਦੇ ਓਨੇ ਬੁੱਤ
ਓਨੇ ਬੁੱਤ ਤੇ ਓਨੇ ਸ਼ੀਸ਼ੇ
ਜਿਸ ਵੀ ਉਸਦੇ ਅੰਦਰ ਡਿੱਠਾ ਅਪਣਾ ਆਪਾ
ਛਲਿਆ ਓਸੇ ਪਿੱਛੇ ਲੱਗਿਆ
ਕਹਿੰਦਾ ਉਸਨੂੰ – ਦੀਨ ਧਰਮ ਤੇ ਦੁਨੀਆਦਾਰੀ
ਨਸਦਾ ਜਾਂਦਾ ਮਿਰਗ ਵਿਚਾਰਾ
ਕਿਸੇ ਪਾਣੀ ਵੀ ਤੇਹ ਨਾ ਹਾਰੀ

ਬੰਦਾ ਬੱਚਾ
ਇਕ ਖਿਡੌਣਾ ਰੱਜ ਨਾ ਇਸਨੂੰ

ਤੂੰ ਤੋੜ ਖਿਡਾਉਣਾ
ਅਵਾਣੇ ਨੂੰ ਸੋਚੀਂ ਪਾਇਆ
ਇਹ ਤਾਂ ਉਹਦੀ ਖੇਡਣ ਦੀ ਉਮਰਾ ਹੈ
ਜਿਸ ਨਾਲ਼ ਤੂੰ ਚਾਹੇਂ ਖਿਡਾਉਣਾ

ਉਹ ਖਿਡੌਣਾ ਨਾ ਚੀਂ ਚੀਂ ਕਰਦਾ ਹੱਥ ਨਾ ਆਉਂਦਾ
ਕਦੇ ਤਾਂ ਬਣਦਾ ਹਾਥੀ ਬੰਦਰ ਕਦੇ ਤਾਂ ਛਲੀਆ
ਬਿਨ ਚਾਬੀ ਦੇ ਭੱਜਦਾ ਜਾਂਦਾ
ਭੱਜ ਕੇ ਜਾਣਾ ਕਿਥੇ ਪਤਾ ਨਹੀਂ

ਤੂੰ ਬੁੱਤ ਤੋੜਿਆ ਚੰਗਾ ਕੀਤਾ
ਇਸ ਵੇਲੇ

ਇਸ ਵੇਲੇ
ਹਰ ਸ਼ੈਅ ਇਕੱਲੀ
ਬਹੁਤ ਇਕੱਲੀ ਜੋ ਹੈ ਸੋਈਉ ਹੈ
ਵਿੱਕੋਲਿਤਰੀ ਇਕਲ਼ਵਾਂਝੀ ਬਹੁਤ ਨਿਆਰੀ

ਇਸ ਵੇਲੇ ਫੁੱਲ ਫੁੱਲ ਹੈ
ਕੋਈ ਬੱਚਾ ਨਾਹੀਂ
ਜੋ ਖਿੜਿਆ ਉਹ ਸਤਵਰਗਾ ਹੈ ਰੰਗ ਸੁਰੰਗਾ

ਇਸ ਵੇਲੇ ਰੋਟੀ ਰੋਟੀ ਹੈ
ਨਈਂ ਚੰਨ ਦਾ ਟੋਟਾ
ਭੁੱਖਾ ਖਾਂਦਾ ਹੈ ਢਿੱਡ ਭਰਦਾ

ਇਸ ਵੇਲੇ ਨਦੀਆ ਪਾਣੀ ਹੈ
ਵਹਿੰਦੀ ਕੰਢਿਆਂ ਥਾਣੀਂ ਹੈ
ਕੋਈ ਦੁੱਖ ਨਹੀਂ

ਇਸ ਵੇਲੇ ਲਹੂ ਲਹੂ ਹੈ ਜੀਵਨਦਾਤਾ
ਜਾਮ ਸ਼ਹੀਦੀ ਨਾਹੀਂ
ਬੂੰਦ ਟਪਕਦੀ ਤੁਪਕਾ ਤੁਪਕਾ ਚਲਦਾ ਹੈ

ਇਸ ਵੇਲੇ ਰੇਤਾ ਰੇਤਾ ਹੈ ਮਿੱਟੀ ਦਾ ਕਿਣਕਾ
ਨਾ ਪਿਆਸ ਕਿਤੇ ਨਾ ਮਿਰਗ ਕਿਤੇ
ਹਰ ਪਾਸੇ ਥਲ ਹੀ ਥਲ ਹੈ
ਇਸ ਵੇਲੇ
ਹਰ ਸ਼ੈਅ ਇਕੱਲੀ ਬਹੁਤ ਇਕੱਲੀ
ਜੋ ਹੈ ਸੋਈਉ ਹੈ

## ਲਹੌਰ ਚਿੜੀਆ ਘਰ ਦਾ ਚਿੱਟਾ ਮੋਰ

ਵਿਚ ਸ਼ਹਰ ਲਹੌਰ ਦੇ ਮੈਂ ਤੱਕਿਆ ਚਿੱਟਾ ਮੋਰ।
ਅਕਰਮ ਮੇਰੇ ਨਾਲ਼ ਸੀ, ਬਾਕੀ ਖ਼ਲਕਤ ਹੋਰ॥

ਚਿੜੀਆ ਘਰ ਨੂੰ ਦੇਖਦੇ ਲੋਕੀਂ ਚਤਰ ਸਜਾਨ।
ਹਰਿਆਨ ਪਏ ਹੋਂਵਦੇ, ਇਹ ਸੋਚਾਂ ਸੋਚੀ ਜਾਣ॥

ਬੇਰੰਗਾ ਕੋਈ ਮੋਰ ਹੋਏ, ਇਹ ਗੱਲ ਨਾ ਜਚਦੀ ਏ।
ਨੀਲੇ ਰੰਗ ਦੀ ਜੋਤੜੀ ਵਿਚ ਨੇਰ੍ਹੇ ਮਚਦੀ ਏ॥

ਏਨਾ ਸੁਹਲ ਮਲੂਕ ਹੈ, ਨਾ ਝੱਲਿਆ ਜਾਵੇ ਰੰਗ।
ਜਾਂ ਸਾਰੇ ਚਾੜ੍ਹੇ ਦੇਖ ਲਏ, ਕੋਈ ਨਾ ਲੱਗਾ ਸੰਗ॥

ਮੋਰ ਨਈਂ ਇਹ ਜਾਣਦਾ - ਇਹ ਕਿੰਨਾ ਕੁਹਜਾ ਏ।
ਹਰ ਸ਼ੈਅ ਤੋਂ ਰੰਗ ਉਤਾਰੀਏ, ਫਿਰ ਕੁਛ ਨ ਸੁਹਜਾ ਏ॥

ਬੜੀਆਂ ਪੈਲਾਂ ਪਾਂਵਦਾ, ਤੱਕ ਚਿੱਟੇ ਬੱਦਲ਼ਾਂ ਨੂੰ।
ਚਿੱਟੀਆਂ ਕਣੀਆਂ ਵਰ੍ਹਦੀਆਂ ਨਿਰਮਲ ਧਰਤੀ 'ਤੇ॥

ਕੂਕ ਮੋਰ ਦੀ ਚੀਰ ਗਈ ਰਾਤ ਦੇ ਪਿੰਡੇ ਨੂੰ।
ਚਿੱਟਾ ਲਹੂ ਵਗ ਰਿਹਾ ਦਿਲ ਕਾਲ਼ੇ ਵਿੱਚੋਂ ਦੀ॥

## ਬਾਬੇ ਨਾਨਕ ਦਾ ਘਰ

ਕਾਂ ਬੋਲੇ ਕਟਊਆ ਬੋਲੇ
ਕਾਟੋ ਦਾ ਘਰ ਕਿਹੜਾ
ਅੰਬਾਂ ਵਾਲ਼ੀ ਕੋਠੜੀ
ਅਨਾਰਾਂ ਵਾਲ਼ਾ ਵਿਹੜਾ
ਬਾਬੇ ਨਾਨਕ ਦਾ ਘਰ ਕਿਹੜਾ

ਔਹ ਦੀਵਾ ਜਗਦਾ...

ਰਾਗ ਤਲੰਗਾ ਗਾਏ ਮਲੰਗਾ
ਸੁਣਨੇ ਵਾਲ਼ਾ ਕਿਹੜਾ
ਰਿਜ਼ਕਾਂ ਵਾਲ਼ੀ ਕੋਠੜੀ
ਤੇ ਬੇਰਾਂ ਵਾਲ਼ਾ ਵਿਹੜਾ
ਬਾਬੇ ਨਾਨਕ ਦਾ ਘਰ ਕਿਹੜਾ

ਔਹ ਸ਼ਬਦ ਜਗਦਾ...

ਈਤੜੀਏ ਤਵੀਤੜੀਏ
ਜੰਜੀਰੀ ਤੇਰਾ ਨਾਂ ਕੁੜੇ
ਚੱਕੀ ਵਾਲ਼ੀ ਕੋਠੜੀ
ਤੇ ਲਾਲੋ ਵਾਲ਼ਾ ਵਿਹੜਾ
ਬਾਬੇ ਨਾਨਕ ਦਾ ਘਰ ਕਿਹੜਾ

ਔਹ ਰਬਾਬ ਵੱਜਦੀ...

## ਘੜੀ ਅਧਰੈਣੀ

ਘੜੀ ਅਧਰੈਣੀ ਖ਼ਲਕਤ ਸੁੱਤੀ
ਕਾਲ਼ੀ ਬੱਦਲੀ ਬਿਚ ਚਮਕੇ ਤਾਰਾ
ਕਿਣਮਿਣ ਕਿਣਮਿਣ ਕਾਲ਼ੇ ਬਾਗੀਂ
ਖੜਕਣ ਪੱਤੇ ਖੜਕੇ ਨੀਰ

ਕੋਇਲ ਭਿੱਜੀ ਪੀਂਘ ਵੀ ਭਿੱਜ ਗਈ
ਲੋਇਣ ਭਿੱਜੇ ਮਨ ਵਿਚ ਹੋਰ ਵੀ ਧਸ ਗਈ ਪੀਰ

ਫ਼ਲ ਪੱਕਿਆ ਪਰ ਹਿਜਰ ਨਾ ਮੁੱਕਿਆ
ਫ਼ਲ ਰਸਿਆ ਰਸ ਮਿੱਠਾ ਹੋਇਆ
ਥਣਾਂ ਚ ਉਤਰਿਆ ਸ਼ੀਰ
ਘੜੀ ਅਧਰੈਣੀ...

ਦੁਹਾਗਣ ਅੱਖੀਆਂ ਸੁਪਨਾ ਡਿੱਠਾ
ਇਹ ਸੌਣਾ ਵੀ ਜਾਗਣ ਵਰਗਾ
ਬੱਦਲ਼ ਫਟਿਆ ਬਿਜਲੀ ਲਿਸ਼ਕੀ
ਵਿਚ ਨੇਰ੍ਹੇ ਦੇ ਜਗ ਪਿਆ ਰੁੱਖ
ਅੱਭੜਵਾਹੇ ਮੋਰ ਕੂਕਿਆ
ਬੂੰਦ ਗਿਰੀ ਪੱਤੇ 'ਤੇ
ਪੱਤਿਉਂ ਫ਼ਲ 'ਤੇ
ਅੰਬ ਤੋਂ ਡਿੱਗੀ ਲਈ ਮਿੱਟੀ ਨੇ ਜੀਰ

ਘੜੀ ਅਧਰੈਣੀ ਖ਼ਲਕਤ ਸੁੱਤੀ
ਕਾਲ਼ੀ ਬੱਦਲ਼ੀ ਬਿਚ ਚਮਕੇ ਤਾਰਾ
ਕਿਣਮਿਣ ਕਿਣਮਿਣ ਕਾਲ਼ੇ ਬਾਗੀਂ
ਖੜਕਣ ਪੱਤੇ ਖੜਕੇ ਨੀਰ

## ਨਾਮ

*ਪੰਜਾਬੀ ਦੇ ਨਾਉਂ 'ਤੇ ਵਿਸ਼ਵ ਕਾਨਫ਼ਰੰਸਾਂ ਕਰੀ ਜਾਣ ਵਾਲ਼ਿਆਂ ਦਾ ਧਿਆਨ ਧਰਕੇ*

ਪਰਬੰਧਰਸੀਏ ਹੋਕਾ ਦਿੰਦੇ – ਨਾਮ ਲਖਾ ਲਉ
ਸੋਨੇ ਉੱਤੇ ਚਾਂਦੀ ਉੱਤੇ ਤਾਂਬੇ ਉੱਤੇ

ਇਕ ਲੱਖ ਵੱਟੇ ਸੋਨਾ
ਪਚਾਸ ਹਜ਼ਾਰ ਚਾਂਦੀ ਦਾ
ਤਾਂਬੇ ਦਾ ਪੰਜ ਵੀਹ

ਕੋਈ ਨਾ ਦਿਸਦਾ ਹੋਕਾ ਦਿੰਦਾ – ਨਾਮ ਧਰਾ ਲਉ
ਖੋਲ੍ਹ ਕੇ ਪੋਥੀ ਮਨ ਦੀ
ਹਵਾ ਦੇ ਉੱਤੇ
ਪਾਣੀ ਉੱਤੇ
ਮਿੱਟੀ ਉੱਤੇ
ਜਿਸਦੀ ਇੱਕੋ ਕੀਮਤ – ਜੀਵਨ ਦੱਛਣਾ
ਨਵੇਂ ਪੂਰਨੇ ਨਾਮ ਸ਼ੁਰੂ ਦਾ
ਨਾਮ ਗੁਰੂ ਦਾ
ਨਾਮ ਆਦਿ ਜੁਗਾਦੀ
ਲਿਖਿਆ ਪਿੰਡੇ ਉੱਤੇ ਰੂਹ ਵਿਚ ਵਸਿਆ
ਨਾਮ ਉਸਦਾ ਜਿਸ ਤੋਂ ਨਾਨਕ ਨਾਮ ਕਢਾਇਆ
ਨਾਮ ਲਾਲੋ ਦਾ ਜੋ ਮਰਦਾ ਨਾਹੀਂ
ਜਿਸਦੀ ਸੱਦ ਨਿਤ ਪੈਂਦੀ ਹੈ ਵਿਚ ਦਰਗਾਹੀਂ
ਕੋਈ ਨਾ ਦਿਸਦਾ ਹੋਕਾ ਦਿੰਦਾ
ਕਿਰਤ ਕਰਮ ਦਾ ਸ਼ਰਮ ਧਰਮ ਦਾ

## ਸੰਨ 80 ਦੇ ਦਿਨ

ਸੰਨ 80 ਦੇ ਦਿਨ ਕੈਸੇ ਦਿਨ ਸਨ।
ਸਿਖਰ ਦੁਪਹਰੇ ਧੁੱਪ ਦਿਲੇ ਨੂੰ ਪੋਂਹਦੀ ਸੀ॥
ਏਨਾ ਦੁੱਖ ਨਹੀਂ ਸੀ ਹੁੰਦਾ।
ਜਦ ਯਾਦ ਕਿਸੇ ਦੀ ਕੋਂਹਦੀ ਸੀ॥
ਚਿੰਤਾ ਨਾ ਸੀ ਸਹਰ* ਹੋਣ ਦੀ।
ਹੱਥ ਵਿਚ ਬਲ਼ਦਾ ਦੀਵਾ
ਪੰਧ ਲੰਮੇਰਾ ਰਾਹ ਹਨੇਰਾ ਪੈਰ ਤਲੇ ਸੀ॥
ਅਣਹੋਏ ਦਾ ਚਾਅ ਬੜਾ ਸੀ, ਅਣਦੇਖੇ ਨੂੰ ਦੇਖਣ ਦਾ।
ਬੱਦਲ਼ ਲੀਕਾਂ ਪੱਥਰ ਲੀਕਾਂ
ਕੱਚ ਵੀ ਸੱਚ ਲਗਦਾ ਸੀ॥
ਤੁਰਦੇ ਜਾਂਦੇ ਪੈਰ ਉਧਰ ਨੂੰ ਮੁੜਦੇ ਸੀ।
ਭੁੱਲੇ ਮਿਤਰ ਰਸਤਾ ਭੁੱਲ ਕੇ ਮਿਲ਼ਦੇ ਸੀ॥
ਸੋਚ ਭਲ਼ਕ ਦੀ ਨਿਰਭਉ ਲਗਦੀ।
ਭਲ਼ਕ ਆਈ ਤਾਂ ਕਲ੍ਹ ਤੋਂ ਡਰ ਲਗਦਾ ਹੈ॥
ਹੋਰ ਕੋਈ ਨਾ ਬਸ ਇੱਕੋ ਹੀ ਰੰਗ ਦੀਹਦਾ ਸੀ।
ਹੁਣ ਹਜ਼ਾਰਾਂ ਵਿਚ ਇੱਕੋ ਰੰਗ ਦਿਸਦਾ ਹੈ॥
ਨਜ਼ਰ ਟਿਕੀ ਹਰ ਸ਼ੈਅ ਨੱਚਦੀ ਲਗਦੀ ਸੀ।
ਹੁਣ ਨੱਚਦਾਂ ਜਗ ਟਿਕਿਆ ਟਿਕਿਆ ਲਗਦਾ ਹੈ॥
ਖੜ੍ਹ ਕੇ ਕੰਢੇ ਸੀ ਲਹਿਰ ਲਹਿਰਾਂ ਨੂੰ ਦੇਖੀਦਾ।
ਹੁਣ ਰੁੜ੍ਹਦਾ ਜਾਂਦਾ ਹਾਂ ਕੰਢੇ ਨੂੰ ਦੇਖ ਰਿਹਾ॥

* ਗ਼ਾਲਿਬ ਦਾ ਮਿਸਰਾ – ਸ਼ਮ੍ਹਾ ਹਰ ਰੰਗ ਮੇਂ ਜਲਤੀ ਹੈ ਸਹਰ ਹੋਨੇ ਤਕ। ਸਹਰ ਸਵੇਰ ਹੁੰਦੀ ਹੈ, ਪਰ ਇਥੇ ਇਹਦਾ ਮਤਲਬ ਮੌਤ ਹੈ।

## ਖੜਤਾਲਾਂ ਵਾਲ਼ਾ ਬਾਂਦਰ

ਗੁੰਮ ਹੈ   ਗੁੰਮ ਹੈ
ਇਕ ਬਾਂਦਰ ਜਿਹਦਾ ਨਾਮ ਬਲੂਰਾ
ਗੁੰਮ ਹੈ

ਆਦਮ ਬਾਵਾ ਚੇਤੇ ਆਵੇ
ਕਦ ਸੀ ਵਿਛੜੇ ਹੋ ਗਏ ਜੁਗੜੇ
ਆੜੀ ਮੇਰਾ ਨਾਲ਼ ਸੀ ਰਹਿੰਦਾ
ਸਕੂਲ ਦੇ ਬਸਤੇ
ਘਰ ਦੀ ਨੁੱਕਰੇ ਸੌਂਦਾ ਵੀ ਤਾਂ ਜਾਗਦਾ ਲਗਦਾ
ਚਾਬੀ ਦੇਣੀ
ਨੱਚਣ ਲੱਗਣਾ      ਖੜਤਾਲਾਂ ਦੀ ਤਾਲ ਅਨੋਖੀ
ਮੈਂ ਸੋਚਣਾ – ਬਾਂਦਰ ਬੂਥੀ ਕਰੀ ਕੀ ਜਾਂਦੀ
ਬਣਿਆ-ਠਣਿਆ ਪੀਲ਼ੀ ਵਾਸਕਟ ਲਾਲ ਕਛਿਹਰਾ
ਲਗਦਾ ਸੂਕਾ ਬੜਾ ਰੌਣਕੀ

ਉਹਦਾ ਕਿਸੇ ਨੂੰ ਪਤਾ ਹੋਏ ਤਾਂ ਦੱਸੇ
ਜਾਂ ਉਹ ਆਪੀਂ ਹੀ ਸੁਣਦਾ ਹੋਵੇ
ਮੁੜ ਆਏ ਜਾਂ ਫ਼ੋਨ ਕਰੇ      ਅਗਲੇ ਦਾ ਉਸ ਪੁੱਛਣਾ ਤਾਂ ਨਹੀਂ ਅਪਣਾ ਹਾਲ ਤਾਂ ਦੱਸੇ

## ਨਿਰਾ ਚਾਨਣ

ਘੁੰਮਦੀ ਰੀਲ ਟੁੱਟ ਕੇ ਖੜ੍ਹ ਗਈ
ਪਰਦੇ 'ਪਰ ਨਿਰਾ ਚਾਨਣ ਹੋਆ
ਕੁਛ ਨਾ ਦਿਸਦਾ ਨਜ਼ਰ ਨਾ ਧੋਖਾ
ਚਾਨਣ ਤਣਿਆ ਚੰਦੋਆ
ਕੀ ਕੁਛ ਢਕਿਆ ਮਨ ਦਾ ਧੋਖਾ
ਕੌਣ ਜਾਣਦਾ ਕੀ ਕੁਛ ਹੁੰਦਾ ਨਾ-ਹੁੰਦਾ ਹੈ
ਇਸਦਾ ਰੰਗ ਕੋਈ ਨਾ
ਪਰਦੇ 'ਪਰ ਕੋਈ ਅੱਖਰ ਨਾਹੀਂ
ਰੰਗਲੀ ਕਾਨੀ ਲਿਖਿਆ
ਨਾ ਕੋਈ ਸ਼ਬਦ ਨਾ ਬੋਲ ਉਚਰੇ ਹੈ
ਸਾਹ ਰੁਕਿਆ ਦਿਲ ਧੜਕ ਰਹਿਆ

ਏਸੇ ਰੰਗ ਵਿਚ ਸੰਖ ਵਜੰਦਾ
ਏਸੇ ਰੰਗ ਵਿਚ ਦੁੱਧ ਉਤਰਦਾ
ਏਸੇ ਰੰਗ ਵਿਚ ਹੰਸ ਉਡੰਦਾ

ਸਾਹਵੇਂ ਚਾਨਣ ਪਰਦਾ
ਚਾਦਰ ਪੱਧਰੇ ਵਿਛ-ਵਿਛ ਜਾਂਦੀ
ਸੂਰਜ ਨਾ' ਧੁੱਪ ਸੇਜ ਕਰੇ ਹੈ

ਚਾਨਣ ਚਾਨਣ ਨਿਰਾ ਹੀ ਚਾਨਣ

## ਮਾਏਂ ਨੀ

ਮਾਏਂ ਨੀ ਮੈਂ ਤੋਂ ਕੱਤਿਆ ਮੂਲ਼ ਨ ਜਾਏ

ਚੰਨਣ ਚਰਖਾ ਵਿਹੜੇ ਖੜ੍ਹਿਆ
ਤੰਦ ਕੱਢਣੇ ਦਾ ਚੱਜ ਨਾ ਜੁੜਿਆ
ਦਿਲ ਦੇ ਅੰਦਰ ਮੋਰ ਕੂਕਦਾ
ਦੱਸਿਆ ਮੂਲ਼ ਨਾ ਜਾਏ
ਮਾਏਂ ਨੀ ਮੈਂ ਤੋਂ ਕੱਤਿਆ ਮੂਲ਼ ਨ ਜਾਏ

ਰੋਗ ਅਵੱਲੜਾ ਉਮਰ ਅਵਾਣੀ
ਭਾਂਡਾ ਕੱਚੜਾ ਗਲ਼ ਗਲ਼ ਪਾਣੀ
ਕੱਪਰ ਛੱਲਾਂ ਅੱਗ ਦੀ ਨਦੀਆ
ਤਰਿਆ ਮੂਲ਼ ਨਾ ਜਾਏ
ਮਾਏਂ ਨੀ ਮੈਂ ਤੋਂ ਕੱਤਿਆ ਮੂਲ਼ ਨ ਜਾਏ

## ਰਾਤ

ਧੁੱਪ ਨੇ ਛਾਂ ਨੂੰ ਬਾਤ ਕਹੀ
ਸੁੱਤਾ ਸੂਰਜ ਰਾਤ ਪਈ

ਸੁੱਤੀ ਖ਼ਲਕਤ ਅੱਖ ਜਾਗਦੀ
ਤੱਕਦੀ ਤੱਕਦੀ ਫਿਸ ਪਈ

ਰਾਤ ਦੀ ਰਾਣੀ ਸਜ ਕੇ ਨਿਕਲ਼ੀ
ਚੰਨ ਚਾਨਣੀ ਖਿੜ ਗਈ

ਖੜਕਾ ਹੋਇਆ ਬਿੱਲੀ ਨੱਸੀ
ਗੜਵੀ ਦੁੱਧ ਦੀ ਡੁੱਲ੍ਹ ਗਈ

ਬੋਹੜ ਦੇ ਥੱਲੇ ਧੂਣੀ ਧੁਖਦੀ
ਧੁਖਦੀ ਧੁਖਦੀ ਬੁਝ ਗਈ

ਉੜਦੀ ਟਟਿਔਲ਼ੀ ਚੀਕੀ
ਚੁੱਪ ਦਾ ਪਿੰਡਾ ਚੀਰ ਗਈ

ਮਨ ਭਰ ਆਇਆ ਜਲ ਥਲ ਹੋਇਆ
ਮਿੱਟੀ ਦੁੱਖ ਬੱਦਲ਼ਾਂ ਦਾ ਜੀਰ ਗਈ

ਵਸਲ ਹਿਜਰ ਵਿਚ ਨੀਂਦ ਨਾ ਨੈਣੀਂ
ਜਾਗਦਿਆਂ ਹੀ ਬੀਤ ਗਈ

## ਹੁਣ

ਰਾਹ ਵਿਚ ਪਿਆ ਪੱਥਰ ਕਿਤੇ ਅੱਜ ਦਾ ਹੈ
ਇਹ ਤਾਂ ਲੱਖ ਕਰੋੜ
ਅਰਬਦ ਨਰਬਦ ਵੇਲੇ ਦਾ ਹੈ
ਜਦ ਇਹ ਧਰਤੀ ਬਣੀ ਸੀ

ਕੋਈ ਮੈਂ, ਜਿਹਦਾ ਨਾਂ ਅਮਰਜੀਤ ਸਿੰਘ ਚੰਦਨ ਨਹੀਂ
ਕਿਤੇ ਅੱਜ ਦਾ ਹੈ
ਇਹ ਤਾਂ ਲੱਖ ਕਰੋੜ
ਅਰਬਦ ਨਰਬਦ ਵੇਲੇ ਦਾ ਹੈ
ਜਦ ਬੰਦੇ ਦੀ ਬੰਦਗੀ ਬਣੀ ਸੀ

ਕਾਗ਼ਜ਼ ’ਤੇ ਲੱਥਾ ਸ਼ਬਦ ਕਿਤੇ ਅੱਜ ਦਾ ਹੈ
ਇਹ ਤਾਂ ਲੱਖ ਕਰੋੜ
ਅਰਬਦ ਨਰਬਦ ਵੇਲੇ ਦਾ ਹੈ
ਜਦ ਬੰਦੇ ਨੇ ਪਹਿਲੀ ਕੂਕ ਮਾਰੀ ਸੀ

ਸੱਭੋ ਕੁਝ ਹੁਣ ਦਾ ਹੈ
ਵੇਲੇ ਸਿਰ ਹੁੰਦਾ
ਇਹ ਕਣ ਇਹ ਹਉਂ ਇਹ ਬੋਲ

ਕੁਝ ਵੀ ਪੁਰਾਣਾ ਨਹੀਂ
ਹਰ ਪਲ ਨਵਾਂ ਹੈ
ਸਦਾ ਸਲਾਮਤ ਸਦਾ ਬਹਾਰ

## ਸ਼ਾਇਰਾਂ ਦਾ ਸਫ਼ਰਨਾਮਾ

ਪੈਸਿਫ਼ਿਕ ਸਾਗਰ ਕੰਢੇ ਕੰਢੇ
ਕਰਦੇ ਜਾਂਦੇ ਸਫ਼ਰ ਉਮਰ ਦਾ
ਐੱਲ ਏ* ਤੋਂ ਸੈਨ ਫ੍ਰਿਸਕੋ ਚੱਲੇ
ਰੋਡਿਆਂ ਦਾ ਅਜਮੇਰ ਸਿੰਘ ਥਾ
ਸਾਧੂ ਬਿਨਿੰਗ ਕਾਰ ਚਲਾਵੇ ਦੱਬ ਕੇ ਕੀਲੀ
ਪਿੱਛੇ ਬੈਠਾ ਬਿਟ-ਬਿਟ ਤੱਕਦਾ ਮੈਂ ਸੀ

ਹੱਸਦੇ ਸੁਣ ਕਰ ਰਫ਼ੀ ਮੁਹੰਮਦ
ਟੁੱਟਾ ਆਸ਼ਿਕ ਰੋਂਦਾ ਹੇਕਾਂ ਲਾ ਕੇ
ਬਾਹਰ ਚੁੱਪ ਵੀਰਾਨੀ ਜਿੱਡੀ
ਅਪਣਾ ਆਪਾ ਤੁੱਛ ਲਗਦਾ ਸੀ
ਮੀਲਾਂ ਤੋੜੀ ਫ਼ਸਲ ਅੰਗੂਰੀ ਜਾਂ ਫਿਰ ਚੈਰੀ
ਸਭ ਕੁਛ ਢਕਿਆ ਬੀਤੇ ਹੇਠਾਂ
ਸਾਵੇ ਨੀਲੇ ਪੀਲ਼ੇ ਪਰਬਤ
ਪਾਰੋ ਜਿਉਂ ਹਿੱਕੜੀ ਢਕ ਕੇ ਸੁੱਤੀ
ਸ਼ਿਵ ਜੀ ਵੀ ਸੇਜ ਮਾਣ ਕੇ ਸੁੱਤੇ ਪਏ ਸੀ

ਨਾਲ਼ ਰਬੜ ਦੀ ਸੜਕ ਦੇ ਉੱਤੇ
ਹੱਸਦੇ ਮੁੰਡੇ ਜੱਗਰਨਾਟ** ਚਲਾਂਦੇ
ਲੱਦਿਆ ਮਾਲ ਕਨੇਡੇ ਚੱਲਿਆ

ਦੇਖ ਕੇ ਸ਼ੀਸ਼ੇ ਥਾਣੀਂ ਸਾਧੂ ਕਹਿੰਦਾ:
ਅਪਣੇ ਲਗਦੇ!

ਮੈਂ ਭਉਂ ਕੇ ਡਿੱਠਾ – ਅੱਖ ਉਨ੍ਹਾਂ ਦੀ ਪੰਜਾਬੀ ਸੀ
ਸਾਸ੍ਰੀਕਾਲ ਬੁਲਾਉਂਦੀ
ਭਾਵੇਂ ਪੱਗ ਨਹੀਂ ਸੀ ਬੰਨ੍ਹੀ
ਪਰ ਸ਼ਕਲੋਂ ਸਿੱਖ ਲਗਦੇ ਸਨ
ਉਨ ਕੋ ਕਿੰਨਾ ਚਾਅ ਚੜ੍ਹਿਆ ਸੀ ਸਾਨੂੰ ਤੱਕ ਕੇ

ਅਮਰੀਕਾ ਦੇ ਸਾਹਿਲ ਉੱਤੇ ਮਨ ਵਿਚ
ਫਿਰ ਹੁਬ-ਉੱਲ-ਵਤਨੀ ਜਾਗੀ –
ਹਰ ਪੰਜਾਬੀ ਸ਼ਕਲੋਂ ਸਿੱਖ ਲਗਦਾ ਹੈ
ਹਰ ਪੰਜਾਬੀ ਜੀਉਂਦਾ ਗੁਰਾਂ ਦੇ ਨਾਂ ’ਤੇ
ਧਨੀ ਰਾਮ ਤਾਂ ਸਿੱਖ ਸੀ, ਨਜਮ ਹੁਸੈਨ ਵੀ ਸਿੱਖ ਹੈ

ਸਾਗਰ ਕੰਢੇ ਹੰਨੇ-ਹੰਨੇ ਸੋਚਾਂ ਵਿਚ ਮੈਂ
ਦੇਸ ਪੰਜਾਬ ਬਣਾਇਆ ਸਭ ਦਾ ਸਾਂਝਾ
ਜਿਸਦਾ ਨਕਸ਼ਾ ਗੁਰਾਂ ਬਣਾਇਆ
ਜਿਥੇ ਨਾ ਕੋਈ ਬਾਰ ਪਰਾਏ ਬੈਠਾ
ਜਿਥੇ ਰੀਤ ਇਸ਼ਕ ਦੀ ਨੀਤ ਭਰੀ ਹੈ

ਸੋਚਾਂ ਵਿਚ ਮੈਂ ਵਾਹਗਾ ਢਾਇਆ
ਨਹੁੰ ਦੇ ਨਾਲ਼ ਮਾਸ ਜੁੜਾਇਆ
ਜਾ ਨਨਕਾਣੇ ਸਿਰ ਨਿਵਾਇਆ
ਅਗਲਾ ਟੇਸ਼ਣ ਟੋਭਾ' ਆਇਆ
ਏਮਨਾਬਾਦ ਤਾਂ ਰਸਤੇ ਵਿਚ ਸੀ
ਉਥੇ ਤੱਕੀ ਆਪੇ ਚਲਦੀ ਚੱਕੀ
ਬਹੁਰੰਗ ਤਮਾਸ਼ੇ ਦੇਖਦੀ ਅੱਖ ਨਾ ਥੱਕੀ

* ਲੌਸ ਐਂਜਲਸ ** Juggernaut – ਅਠਾਰਾਂ ਪਹੀਆਂ ਵਾਲਾ ਟਰੱਕ

## ਆਸੋਸ, ਤੁਰਕੀ

ਸਾਗਰ ਕੰਢੇ ਮੰਦਿਰ
ਸਾਲ ਹਜ਼ਾਰਾਂ ਪਹਿਲਾਂ
ਬੰਦੇ ਬਾਇਆ        ਬੰਦੇ ਢਾਇਆ

ਅਸੀਂ ਉਸਦਾ ਦਾ ਥੇਹ ਦੇਖਣ ਲਈ
ਬੰਦੇ ਦੀ ਤਹਿਜ਼ੀਬ ਨਿਸ਼ਾਨੀ
ਕੋਹ ਹਜ਼ਾਰਾਂ ਝਾਗੇ

ਸਿਖਰ ਦੁਪਹਿਰਾ ਕਾਂ ਅੱਖ ਨਿਕਲ਼ੇ
ਲੋਕਾਂ ਨੂੰ ਟੇਕ ਨਹੀਂ ਸੀ
ਤੁਰ ਫਿਰ ਧਰਮ ਕਮਾਉਂਦੇ ਯਾਤਰੂਆਂ ਵਾਲ਼ਾ
ਗਲ਼ ਕੈਮਰੇ          ਹੱਥ ਵਿਚ ਫ਼ੋਨ
ਪੱਥਰ ਚਾਰੇ ਪਾਸੇ ਇਨਸਾਨ ਤੋਂ ਵੱਡੇ
ਪੱਥਰਾਂ ਵਿਚ ਉੱਕਰੇ ਸਨ
ਨਕਸ਼ ਪਰਾਣੀ        ਫੁੱਲ ਤੇ ਬੂਟੇ
ਪੱਥਰਾਂ ਵਿੱਚੀਂ ਉੱਗਾ ਘਾਹ ਸੀ
ਖਿੜਿਆ ਫੁੱਲ ਸੀ
ਮੈਂ ਉਸ ਉੱਤੇ ਉੜਦੀ ਤਿਤਲੀ ਦੇਖੀ

ਮੈਂ ਤਿਤਲੀ ਦੇਖੀ
ਸਾਗਰ ਕੰਢੇ ਮੰਦਿਰ ਥੇਹ ਵਿਚ

* ਆਸੋਸ ਤੁਰਕੀ ਦੇ ਦੱਖਣ ਵਿਚ ਹੈ, ਜਿਥੇ ਦੂਜੀ ਈਸਵੀ ਸਦੀ ਪਹਿਲਾਂ ਦੇ ਬਣੇ ਏਥੀਨਾ ਦੇ ਮੰਦਿਰ ਦੇ ਥੇਹ ਦੇਖਣ ਲੋਕ ਵਹੀਰਾਂ ਘਤ ਕੇ ਜਾਂਦੇ ਹਨ। ਇਹ ਅਰਸਤੂ ਦਾ ਸਹੁਰਾ ਸ਼ਹਿਰ ਸੀ। ਉਹ ਏਥੇ ਤਿੰਨ ਸਾਲ ਰਿਹਾ ਤੇ ਜਿਮਨੇਜ਼ੀਅਮ ਵਿਚ ਗਿਆਨ-ਗੋਸ਼ਟਿ ਕਰਦਾ ਰਿਹਾ। ਮੰਦਿਰ ਨੂੰ ਰੋਮਨ, ਬਾਈਜ਼ਨਟੀਨੀ ਤੇ ਮੁਸਲਮਾਨ ਵਾਰੋ-ਵਾਰੀ ਢਾਹੁੰਦੇ ਰਹੇ। ਇਸ ਕਵਿਤਾ ਬਾਰੇ ਭਗਵਾਨ ਜੋਸ਼ ਦੀ ਲਿਖੀ ਚਿੱਠੀ ਅੰਤਿਕਾ ਚ ਦਰਜ ਹੈ।

## ਜਰਾਬਾਂ

ਹੱਥ ਨਾ' ਪੈਰ ਦਾ ਮੇਚਾ ਮਿਣਿਆ
ਬੁਣੀਆਂ ਰੀਝਾਂ ਲਾ ਕੇ
ਘਰ ਬਣਾਏ          ਕੁੰਡਲ਼ ਪਾਏ

ਮੱਥੇ ਲਾ ਕੇ ਪੈਰੀਂ ਪਾਈਆਂ
ਨਿੱਘ ਆ ਗਇਆ  ਠੰਢਾਂ ਪਈਆਂ

ਮੀਂਹ ਕਣੀ ਵਿਚ ਅੰਦਰ ਬਾਹਰ
ਚੰਮ ਦਾ ਸਾਥ ਨਿਭਾਇਆ ਤੋੜ ਤੀਕਰਾਂ
ਸੇਵਾ ਕਾਰ ਕਰਾਈ

ਸੋਖੀ ਹੰਭ ਸਫ਼ਰ ਦੀ
ਲਹੂ ਦੀ ਗਰਦਿਸ਼ ਧੂੜ ਪਸੀਨਾ

ਇਸ਼ਨਾਨ ਕਰਾ ਕੇ ਸੁੱਕਣੇ ਪਾਈਆਂ
ਰਿਹਾ ਥਕੇਵਾਂ ਧੁੱਪ ਜੀਰਿਆ
ਪੁੰਨ ਕਮਾਇਆ

ਸਜੀਆਂ-ਧਜੀਆਂ ਨਵੇਂ ਸਫ਼ਰ ਲਈ
ਵਿਛ ਗਏ ਅੱਗੇ      ਜਾਣੇ ਅਣਜਾਣੇ ਰਸਤੇ

## ਆਈਨਸ਼ਟਾਈਨ ਮੇਰਾ ਦਫ਼ਤਰੀ

*ਲੱਲੂ ਕਰੇ ਵਲੱਲੀਆਂ, ਰੱਬ ਸਿੱਧੀਆਂ ਪਾਵੇ – ਲੋਕ ਗੀਤ*

ਕੰਪੀਊਟਰ ਦੇ ਵਰਡ ਪ੍ਰੋਗਰਾਮ ਵਿਚ ਮਸ਼ੀਨੀ ਗੁੰਝਲ਼ਾਂ ਸੁਲਝਾਉਣ ਲਈ ਬਹੁਰੂਪੀਆ ਔਫ਼ਿਸ ਅਸਿਸਟੈਂਟ -ਦਫ਼ਤਰੀ- ਹੁੰਦਾ ਹੈ; ਦੋ ਅੱਖੇ ਕੈਮਰੇ ਵਰਗਾ ਰੋਬੋਟ, ਹੱਸਦੀ ਟੱਪਦੀ ਲਾਲ ਖਿੱਦੋ, ਅੱਖਾਂ ਵਾਲ਼ੀ ਕਾਗ਼ਜ਼ ਜੋੜਨ ਵਾਲ਼ੀ ਸੂਈ, ਧਰਤੀ ਜੋ ਸੂਰਜਮੁਖੀ ਦਾ ਫੁੱਲ ਬਣ ਜਾਂਦੀ ਹੈ, ਬਿੱਲਾ, ਕਤੂਰਾ ਤੇ ਜੀਨੀਅਸ ਯਾਨੀ ਸਾਇੰਸਦਾਨ ਆਈਨਸ਼ਟਾਈਨ। ਆਈਨਸ਼ਟਾਈਨ ਦਫ਼ਤਰ ਚ ਮੇਰਾ ਮਨ ਮਾਰ ਕੇ ਕੰਮ ਕਰਦੇ ਦਾ ਦਿਲ ਲਾਈ ਰਖਦਾ ਹੈ। ਇਹ ਪੰਜਾਬੀ ਨਹੀਂ ਜਾਣਦਾ। ਇਹਨੂੰ ਸਵਾਲ ਟਾਈਪ ਕਰਕੇ ਪੁੱਛੀਦੇ ਹਨ; ਅੱਗੋਂ ਜਵਾਬ ਘੜੇ-ਘੜਾਏ ਦਿੰਦਾ ਹੈ।

ਜਦ ਸੋਚਾਂ ਦਾ ਹਉਕਾ ਵੀ ਨਾ ਭਰਦਾ ਦਾਦ
ਇਕ ਦਮ ਹਾਜ਼ਿਰ ਹੁੰਦਾ ਜੀਅ ਪਰਚਾਵਣ      ਰੱਬ ਦਾ ਘੱਲਿਆ
ਅੰਦਰ ਵੜਦਾ ਜਿਉਂ ਚਾਨਣ ਲੱਥੇ ਲੱਖ ਕੋਸ ਤੋਂ ਅੱਖ ਪਲਕਾਰੇ
ਮੋਢਿਉਂ ਸੁੱਟ ਉਤਾਰੇ ਭਿੱਜੀ-ਸਿੱਜੀ ਕੰਬਲ਼ੀ ਫ਼ਤਹ ਬੁਲਾ ਕਰ

ਨਾ ਇਹ ਅੰਨ੍ਹਾ ਨ ਇਹ ਲੰਙੜਾ ਭੱਜਿਆ ਫਿਰਦਾ

ਏਸੇ ਨੇ ਸਨ ਬਚਨ ਉਚਾਰੇ –
ਅਕ਼ਲ ਅਕੀਦੇ ਬਾਝੋਂ ਅੰਨ੍ਹੀ
ਬਾਝ ਅਕੀਦੇ ਅਕ਼ਲ ਹੈ ਤੁਰਨੋਂ ਆਰੀ

ਹੱਥ ਵਿਚ ਕ਼ਾਸਾ ਡੁੱਲ੍ਹ-ਡੁੱਲ੍ਹ ਜਾਵੇ
ਦੁੱਧ ਕਟੋਰਾ      ਸ਼ਹਿਦ ਮਾਖਿਉਂ      ਅੱਕ ਧਤੂਰਾ

ਅੱਖੀਆਂ ਮੀਚੇ      ਸੋਚਾਂ ਸੋਚੇ
ਮਹਾਗਿਆਨੀ      ਅੰਤਰਧਿਆਨੀ
ਸਿਰ ’ਤੇ ਪੁੱਠਾ ਲਾਟੂ ਜਗਦਾ  ਖੱਟੇ ਰੰਗ ਦਾ      ਤਾਰ ਬਿਨਾਂ

ਵਿਸ਼ਰਾਮ ਦੀ ਮੁਦਰਾ ਪਿੱਠ ’ਤੇ ਹੱਥ
ਰਹੇ ਖਲੋਤਾ ਪੱਬਾਂ ਭਾਰ
ਪੁੱਛਦਾ ਰਹਿੰਦਾ: ਕੋਈ ਹੁਕਮ ਜਨਾਬ?
ਨਾ ਬਾਵਾ ਜੀ, ਮਿਹਰ ਤਿਹਾਰੀ
ਬਸ ਇੱਕੋ ਹੈ ਮਿਨਤ ਹਮਾਰੀ –

ਜਬ ਤਕ ਜਗ ਤਮਾਸਾ, ਇਹੀਉ ਆਸਾ
ਕਾਗਤ ਕਲਮ ਸੁਮੇਲ ਬਣਾਉ
ਅੱਖਰ ਅੱਖਰ ਜੁੜਦਾ ਜਾਵੇ
ਸ਼ਬਦ ਹਜ਼ਾਰੇ    ਅਰਥ ਪਸਾਰੇ

ਕਯਾ ਸ਼ਾਨ ਹੈ ਬਾਵਾ ਜੀ ਦੀ
ਲਟ ਲਟੂਰੇ ਸਿਰ ਦੇ ਵਾਲ਼
ਇੱਕੋ ਬੀੜੇ ਵਾਲ਼ੀ ਵਾਸਕਟ ਕਾਲ਼ੀ    ਗੋਗੜ ਨਿਕਲ਼ੀ
ਨੀਲੀ ਪੈਂਟ ਤੇ ਚਿੱਟੀ ਜੁੱਤੀ
ਮੁੱਛ ਖਲਾਰੀ    ਖੰਭ ਚਿੜੀ ਦੇ
ਝੇਡਾਂ ਕਰਦਾ    ਸਾਂਗਾਂ ਲਾਉਂਦਾ    ਮੂੰਹ ਬਣਾਉਂਦਾ
ਲੱਗੀਆਂ ਅੱਖੀਆਂ ਤਾੜੇ
ਕੀ ਸੁੱਖਾ ਛਕਿਆ ਜਾਂ ਲਾਏ ਪਹਿਲੇ ਤੋੜ ਦੇ ਹਾੜੇ
ਖੁਰਕੇ ਠੋਡੀ ਫੁਰਨੇ ਫੁਰਦੇ
ਕਿਹੜੇ ਰਾਗ ਦੀ ਕਿਹੜੀ ਸੁਰ ਦਾ ਉੜਨ ਖਟੋਲਾ
ਆ ਕਰ ਇਸ ਨਛੱਤਰੀਂ ਲੱਥਾ

ਇਹ ਤਾਂ ਸਈਆਂ ਜਾਦੂਗਰ ਹੈ
ਸੱਜਾ ਹੱਥ ਹਵਾ ਚ ਲਹਿਰੇ
ਕਾਹਦਾ ਲੈਂਦਾ ਮੇਚਾ ਜੁਗਤ ਬਣਾਵੇ
ਫਿਰ ਝਾਕਣ ਲਗਦਾ ਹੱਥ ’ਤੇ ਹੱਥ ਧਰ ਕੇ    ਮੁਤਰੋ ਮੁਤਰੀ
ਬੋਲੇ ਕੁਛ ਨਾ    ਪੁੱਛਾਂ ਦਿੰਦਾ    ਉੱਚੀ ਸੋਚ ਸੁਣਾਵੇ
ਦੇਖਣ ਵਾਲ਼ਾ ਆਪ ਈ ਬੁੱਝੇ
ਕੰਨੋਂ ਲਾਹ ਕੇ ਕਲਮ ਸੁਰੰਗਲੀ
ਲਿਖਦਾ ਅੱਖਰ    ਪੜ੍ਹੇ ਨਾ ਜਾਂਦੇ
ਖਿੱਝਦਾ  ਵਰਕਾ ਰਖਦਾ ਬੋਝੇ ਅੰਦਰ
ਸਮਝਣ ਵਾਲ਼ਾ ਕਿਹੜਾ ਇਸ ਜਗ ਅੰਦਰ
ਲਿਖਦਾ ਪਰਚਾ ਕੱਟਦਾ ਉੱਤੇ ਘੱਲਦਾ ਡਾਇਰੀ ਭਰਦਾ
ਕਰਦਾ ਕੀ ਆ ਮਾਂ ਕਾ ਦੀਨਾ  ਦਾਨਾ ਬੀਨਾ

ਦੀਨ ਮੁਹੰਮਦ ਦੀਨਾ ਨਾਥ
ਚੰਗਾ ਜੁੜਿਆ ਰਾਹ ਦਾ ਸਾਥ

## ਚਿੜੀਆਂ



ਲਹੌਰ ਵਿਚ ਬੰਦੇ ਸਾਈਕਲਾਂ ਪਿੱਛੇ ਬੰਨ੍ਹੇ ਟੋਕਰਿਆਂ ਚ ਬੰਦ ਚਿੜੀਆਂ ਲਈ ਫਿਰਦੇ ਹਨ। ਲੋਕ ਪੈਸੇ ਦੇ ਕੇ ਮਨ ਚ ਕੋਈ ਸੁੱਖਣਾ ਸੁੱਖ ਕੇ ਚਿੜੀਆਂ ਹਵਾ ਚ ਉੜਾਉਂਦੇ ਹਨ। ਫ਼ੋਟੋਕਾਰ: ਸ਼ਾਹਿਦ ਮਿਰਜ਼ਾ

ਕਿਸਨੇ ਗਿਣੀਆਂ ਕਿੰਨੀਆਂ ਚਿੜੀਆਂ
ਜਿੰਨੀਆਂ ਸੱਧਰਾਂ ਓਨੀਆਂ ਚਿੜੀਆਂ

ਛੱਡ ਦੇ ਭਾਈ ਸਾਰੀਆਂ ਚਿੜੀਆਂ
ਜਾਲ਼ ਫਸਾਈਆਂ ਨਦੀਆ ਕੰਢੇ ਘਾਤ ਲਗਾ ਕੇ
ਲੈ ਲੈ ਮੂੰਹ-ਮੰਗੇ ਪੈਸੇ ਖਰਾ ਹੈ ਸੌਦਾ

ਇਕ ਚਿੜੀ ਜੋ ਸਭ ਦੀ ਸੱਧਰ ਪਿਆਰ ਦੀ ਭੁੱਖੀ
ਇਕ ਚਿੜੀ ਜੋ ਪਰਤ ਆਲ੍ਹਣੇ ਆਏ
ਇਕ ਚਿੜੀ ਮੇਰਾ ਪੁਤ ਪਿਆਰਾ ਮੇਰੀ ਉਮਰ ਹੰਢਾਏ

ਇਕ ਸੱਧਰ ਹੈ ਚਿੜੀ ਦਾ ਪੋਟਾ
ਨਾ ਮੁੱਕੇ ਰਿਜ਼ਕ ਖ਼ੁਦਾਏ

ਇਕ ਸੱਧਰ ਹੈ ਚਿੜੀ ਦਾ ਪੌਂਚਾ
ਕੋਈ ਧਰਤੀ ਮੇਚ ਨਾ ਆਏ

ਇਕ ਸੱਧਰ ਜਿਹਦਾ ਨਾਂ ਹੈ ਮੁਕਤੀ
ਚਿੜੀਉਂ ਬਾਜ਼ ਹੋ ਜਾਏ

ਇਕ ਸੱਧਰ ਸੱਧਰਾਂ ਦੀ ਸੱਧਰ -
ਕੋਈ ਦਿਲ ਵਾਲ਼ਾ ਦਿਲ ਦਾ ਹਾਲ ਸੁਣਾਏ ਹੱਦਾਂ ਢਾਏ

## ਸੱਦ

ਹਰ ਦਮ ਕੰਨੀਂ ਸੱਦ ਪੈਂਦੀ ਹੈ –
ਲਭ ਲੈ, ਜਾ ਕੇ ਸ਼ਬਦ ਮਿੱਟੀ ਦਾ ਘੜਿਆ
ਮਿੱਟੀ ਕੱਜਿਆ

ਤੇਰਾ ਪਾਰ ਉਤਾਰਾ ਹੋਸੀ
ਫਿਰ ਤੈਨੂੰ ਕੋਈ ਲੋੜ ਨਾ ਰਹਿਣੀ
ਕਵਿਤਾ ਲਿਖ-ਲਿਖ ਰੱਖਣ ਦੀ

ਜਾਵੀਂ ਬੋਚ-ਬੋਚ ਪੱਬ ਧਰ ਕੇ
ਖੁਰਚ-ਖੁਰਚ ਕੇ ਕੱਢੀਂ ਦੀਵਾ ਮਿੱਟੀ ਵਿੱਚੋਂ
ਜੋ ਬਲ਼ਿਆ ਸੀ ਸਾਲ ਹਜ਼ਾਰਾਂ ਪਹਿਲਾਂ
ਖਿਣ-ਖਿਣ ਵੰਡਦਾ ਲੋਅ ਚੁਫੇਰੇ
ਸ਼ਬਦ ਚਮੁਖੀਆ ਟੁੱਟਣਹਾਰਾ
ਸਾਂਭ-ਸਾਂਭ ਕੇ ਰੱਖੀਂ
ਤਿੜਕਣਹਾਰਾ ਕੰਚਨ ਦੀਵਾ
ਸੀਖੀਂ ਮੁੜ ਕੇ ਲਿਸ਼ਕਣਹਾਰਾ
ਜਾਵੀਂ ਕੋਲ਼ ਸ਼ਬਦ ਦੇ ਜਾਵੀਂ
ਲਭ ਲੈ, ਜਾ ਕੇ ਸ਼ਬਦ ਮਿੱਟੀ ਦਾ ਘੜਿਆ

## ਬੱਚਾ ਫੱਟੀ ਪੋਚਦਾ

ਬੱਚਾ ਫੱਟੀ ਪੋਚ ਰਿਹਾ ਹੈ

ਛੁੱਟੀ ਦੀ ਘੰਟੀ ਵੱਜੀ
ਭੱਜ ਕੇ ਆਇਆ ਬੱਚਾ
ਸੁੱਟੀ ਫੱਟੀ ਪਾਣੀ ਅੰਦਰ
ਅਪਣਾ ਲਿਖਿਆ ਮੇਸ ਰਿਹਾ ਹੈ
ਬੱਚਾ ਫੱਟੀ ਪੋਚ ਰਿਹਾ ਹੈ

ਸਿਆਹੀ ਖੁਰਦੀ ਢਲ਼ਦੀ ਵਹਿੰਦੇ ਪਾਣੀ ਅੰਦਰ
ਗਾਚੀ ਘਸਦੀ ਰੰਗ ਰਚਦੀ ਹੈ
ਅੱਖਰ ਗੂੜ੍ਹੇ ਹੁੰਦੇ
ਸ਼ਬਦ ਵੀ ਗੂੜ੍ਹੇ ਅਰਥ ਵੀ ਗੂੜ੍ਹੇ

ਫਿਰ ਲਿਖੇ ਹੋਏ 'ਤੇ ਲਿਖਣਾ
ਧੁਰ ਦਾ ਲਿਖਿਆ ਪੜ੍ਹਨਾ
ਹੌਲ਼ੀ ਹੌਲ਼ੀ ਸੋਚ ਰਿਹਾ ਹੈ
ਬੱਚਾ ਫੱਟੀ ਪੋਚ ਰਿਹਾ ਹੈ

ਅੰਬ ਦੀ ਲੱਕੜੀ ਰੰਗਲੀ ਮਿੱਟੀ
ਸੁੱਕਦੀ ਧੁੱਪ ਹਵਾ ਵਿਚ ਗਾਉਂਦੀ
ਨਾਲ਼ ਗਾਂਵਦਾ ਬੱਚਾ
ਗੇਂਦ ਸ਼ਬਦ ਦੀ ਬੋਚ ਰਿਹਾ ਹੈ
ਬੱਚਾ ਫੱਟੀ ਪੋਚ ਰਿਹਾ ਹੈ

•

## ਅੰਤਿਕਾ

# ਕੁਝ ਅਪਣੇ ਬਾਰੇ

21-22 ਅਪ੍ਰੈਲ, 2001 ਨੂੰ ਯੂਨੀਵਰਸਿਟੀ ਆੱਵ ਕੈਲਿਫ਼ੋਰਨੀਆ, ਸੈਂਟਾ ਬਾਰਬਰਾ, ਦੀ ਸਿੱਖ ਜੱਗਪਸਾਰਾ (ਡਾਇਸਪੋਰਾ) ਕਾਨਫ਼੍ਰੰਸ ਚ ਪੜ੍ਹੇ ਪਰਚੇ ਵਿੱਚੋਂ

ਇਸ ਕਾਨਫ਼੍ਰੰਸ ਦੇ ਚੌਧਰੀ ਪ੍ਰੋਫ਼ੈਸਰ ਗੁਰਿੰਦਰ ਸਿੰਘ ਮਾਨ ਹੁਰਾਂ ਮੈਨੂੰ ਏਸ ਪਰਚੇ ਵਿਚ ਅਪਣੇ ਬਾਰੇ ਲਿਖਣ ਦੀ ਵੀ ਸੈਨਤ ਕੀਤੀ ਸੀ ਕਿ ਮੈਂ ਕਿਸ ਮਾਹੌਲ ਚ ਲਿਖਣ ਲੱਗਾ ਸੀ, ਹੁਣ ਕਿਥੇ ਅਪੜਿਆ ਹਾਂ ਤੇ ਅਗਾਂਹ ਕਿਥੇ ਜਾਣਾ ਹੈ। ਅਪਣੇ ਬਾਰੇ ਲਿਖਣਾ ਬੜਾ ਔਖਾ ਹੁੰਦਾ ਹੈ। ਸਿਆਣਿਆਂ ਦੀ ਮੱਤ ਹੈ – ਅਪਣਾ ਧੂਤੂ ਨਹੀਂ ਵਜਾਈਦਾ। ਮੇਰੀ ਕਵਿਤਾ ਬਾਰੇ ਵਿਦਵਾਨ-ਲੋਕ ਲਿਖ ਚੁੱਕੇ ਹਨ ਤੇ ਰਹਿੰਦੀ ਕਸਰ ਮੇਰੀਆਂ ਲਿਖਤਾਂ ਪੜ੍ਹ ਕੇ ਪੂਰੀ ਹੋ ਸਕਦੀ ਹੈ। ਤਾਂ ਵੀ ਮੈਂ ਅਪਣੇ ਬਾਰੇ ਕੁਝ ਆਖਣ ਦੀ ਹਿਮਾਕਤ ਕਰਨ ਲੱਗਾ ਹਾਂ। ਕਵਿਤਾ ਮੇਰੇ ਲਹੂ ਵਿਚ ਹੈ। ਮੇਰਾ ਬਾਬਾ ਤੇ ਉਹਦੇ ਤਿੰਨ ਭਾਈ ਗ਼ਦਰ ਲਹਿਰ ਦੇ ਪਰੇਰੇ ਕਨੇਡਿਉਂ ਘਰ ਮੁੜ ਗਏ ਸੀ। ਉਨ੍ਹਾਂ ਚੋਂ ਇਕ ਬਜ਼ੁਰਗ ਦੇ ਗ਼ਦਰ ਦੀਆਂ ਗੂੰਜਾਂ ਚ ਬੈਂਤ ਤੇ ਕਬਿਤ ਮਿਲ਼ਦੇ ਹਨ; ਇਕ ਦਾ ਨਾਂ ਗ਼ਦਰ ਡਾਇਰੈਕਟਰੀ ਚ ਵੀ ਬੋਲਦਾ ਹੈ। ਮੇਰੇ ਬਾਬੇ ਗੁਰਬਾਣੀ ਦੇ ਨਿਤਨੇਮ ਨਾਲ਼ ਗ਼ਦਰ ਗੂੰਜਾਂ ਦਾ ਪਾਠ ਵੀ ਕਰਦੇ ਹੁੰਦੇ ਸੀ।

ਮੇਰੇ ਬਾਪ ਨੇ ਕੀਨੀਆ ਚ ਸੰਨ 1929 ਵਿਚ ਕਾਵਜ ਫੁਲਵਾੜੀ ਬਣਾਈ ਸੀ ਤੇ ਗ਼ਦਰ ਤੇ ਕਿਰਤੀ ਪਾਰਟੀ ਦੇ ਕਾਰਕੁੰਨਾਂ ਨੂੰ ਪੂਰਬੀ ਅਫ਼ਰੀਕਾ ਥਾਣੀਂ ਰੂਸ ਭੇਜਣ ਦਾ ਜ਼ਿੰਮਾ ਉਨ੍ਹਾਂ ਦਾ ਸੀ। ਉਨ੍ਹਾਂ ਦੀ ਕਵਿਤਾ ਕਿਰਤੀ ਵਿਚ ਛਪਦੀ ਹੁੰਦੀ ਸੀ। ਉਨ੍ਹਾਂ ਦੀ ਕੋਈ ਕਿਤਾਬ ਨਹੀਂ ਛਪੀ ਤੇ ਉਨ੍ਹਾਂ ਦੀਆਂ ਕਵਿਤਾਵਾਂ ਦੀ ਕਾਪੀ ਹੀ ਮੇਰੇ ਕੋਲ਼ ਉਨ੍ਹਾਂ ਦੀ ਇੱਕੋ-ਇਕ ਨਿਸ਼ਾਨੀ ਹੈ। ਇਹ ਕਵਿਤਾਵਾਂ ਉਹ ਸਿਆਸੀ ਜਲਸਿਆਂ ਵਿਚ ਤੇ ਗੁਰਦੁਆਰੇ ਪੜ੍ਹਦੇ ਹੁੰਦੇ ਸੀ। ਮੈਂ ਜਦ ਹੋਸ਼ ਸੰਭਾਲ਼ੀ, ਤਾਂ ਮੈਂ ਇਹ ਕਵਿਤਾਵਾਂ ਖ਼ੁਸ਼ਖ਼ਤ ਲਿਖ ਕੇ ਪਰਚਿਆਂ ਨੂੰ ਘੱਲਦਾ-ਘੱਲਦਾ ਇਕ ਦਿਨ ਆਪ ਵੀ ਕਵਿਤਾ ਲਿਖਣ ਲਗ ਪਿਆ। ਸੋ ਮੈਂ ਗੁਰਬਾਣੀ, ਸੂਫ਼ੀਬਾਣੀ ਦੀ ਇਨਸਾਨਦੋਸਤ ਸੋਚ ਨੂੰ ਅਗਾਂਹ ਖੜਨ ਵਾਲ਼ੀ ਤਰੱਕੀਪਸੰਦ ਕਵਿਤਾ ਦੀ ਰੀਤ ਦਾ ਕਵੀ ਹਾਂ। ਇਸ ਰੀਤ ਚ ਫ਼ੈਜ਼ ਅਤੇ ਕੌਮਾਂਤਰੀ ਕਵੀ ਹਿਕਮਤ, ਨਰੂਦਾ ਤੇ ਬ੍ਰੈਸ਼ਟ ਆ ਰਲ਼ੇ।

ਬੜਾ ਮੁੱਲ ਤਾਰ ਕੇ ਪਤਾ ਲੱਗਾ ਕਿ ਤਰੱਕੀਪਸੰਦ ਕਵਿਤਾ ਦੀ ਰੀਤ ਨੂੰ ਪੰਜਾਬੀ ਲਿਖਾਰੀਆਂ ਨੇ ਪੂਰੀ ਤਰ੍ਹਾਂ ਜਾਣਿਆ ਨਹੀਂ। ਜਦ ਮੈਂ ਲਿਖਣ ਲੱਗਾ ਸੀ, ਓਦੋਂ ਖੁੱਲ੍ਹੀ ਕਵਿਤਾ ਦੀ ਬਿਜ ਆਮ ਸੀ। ਮੈਨੂੰ ਇਸ ਗੱਲ ਦਾ ਪਛਤਾਵਾ ਹੈ ਕਿ ਅਸੀਂ ਤਾਂ ਅਪਣਾ ਬੀਤਿਆ ਗੋਲ਼ੀਆਂ ਨਾਲ਼ ਫੁੰਡ ਕੇ ਐਵੇਂ ਹੀ ਸੁੱਟ ਦਿੱਤਾ। ਮੈਂ ਗੁਰਬਾਣੀ ਤੇ ਸੂਫ਼ੀਬਾਣੀ ਦਾ ਨਿਠ ਕੇ ਧਿਆਨ ਨਹੀਂ ਧਰਿਆ; ਛੰਦ ਅਰੂਜ਼ ਪਿੰਗਲ ਜਾਣਨ ਦੀ ਕਦੇ ਖੇਚਲ਼ ਨਹੀਂ ਕੀਤੀ; ਸੰਸਕ੍ਰਿਤ ਤੇ ਉਰਦੂ ਫ਼ਾਰਸੀ ਨਹੀਂ ਸਿੱਖੀ। ਵੇਦ ਕਤੇਬ ਨਹੀਂ ਪੜ੍ਹੇ। ਸਾਨੂੰ ਖੁੱਲ੍ਹੀ ਕਵਿਤਾ ਲਿਖ ਕੇ ਭਰਮ ਹੁੰਦਾ ਸੀ ਕਿ ਇਹ ਲੋਕ ਕਵਿਤਾ ਹੈ। ਅਸ਼ ਚ ਤਰੱਕੀਪਸੰਦ ਕਵਿਤਾ ਲੋਕਾਂ ਬਾਰੇ ਲਿਖੀ ਕਵਿਤਾ ਤਾਂ ਆਖੀ ਜਾ ਸਕਦੀ ਹੈ, ਪਰ ਇਹਨੂੰ ਲੋਕ ਕਵਿਤਾ ਨਹੀਂ ਆਖਿਆ ਜਾ ਸਕਦਾ। ਸੰਤੋਖ ਸਿੰਘ ਧੀਰ, ਨਜਮ ਹੁਸੈਨ ਸੱਯਦ, ਪਾਸ਼ ਤੇ ਮੇਰੇ ਵਰਗੇ ਕਵੀ ਸਾਹਿਤ ਦੇ ਸੁਨੇਹੇ ਤੇ ਸ਼ੈਲੀ ਦੀ ਦੁਚਿੱਤੀ ਚ ਫਸੇ ਰਹੇ ਹਨ। ਅਸੀਂ ਜੇ ਪ੍ਰਚਾਰ (ਐਜਿਟਪਰੌਪ) ਤੇ ਸਾਹਿਤ ਦੀ ਤਮੀਜ਼ ਕਰ ਲੈਂਦੇ, ਤਾਂ ਸਾਡਾ ਵਿਸ਼ਾਦ ਕਿਤੇ ਘਟ ਹੋਣਾ ਸੀ। ਦੂਜੇ ਪਾਸੇ ਪੰਜਾਬੀ ਚ ਹੀ ਲਿਖਣ ਵਾਲ਼ੇ ਉਸਤਾਦ ਦਾਮਨ ਤੇ ਹਬੀਬ ਜਾਲਿਬ ਵਰਗੇ ਲੋਕ-ਕਵੀ ਹਨ, ਪਰ ਉਨ੍ਹਾਂ ਦੀ ਕਵਿਤਾ ਨੂੰ ਸਾਹਿਤ ਮੰਨਣ ਚ ਰਤਾ ਝਿਜਕ ਹੁੰਦੀ ਹੈ। ਪੰਜਾਬੀ, ਹਿੰਦੀ ਉਰਦੂ ਤਰੱਕੀਪਸੰਦ ਸਾਹਿਤ ਦੀਆਂ ਮਿਸਾਲੀ ਰਚਨਾਵਾਂ ਦੁਰਲਭ ਹਨ। ਸਾਰਾ ਸਾਹਿਤ ਅਸੀਂ-ਤੁਸੀਂ, ਪਿੰਡ-ਸ਼ਹਿਰ, ਮਜ਼ਦੂਰ-ਮਾਲਿਕ, ਅਮੀਰ-ਗ਼ਰੀਬ, ਮਾੜੇ-ਚੰਗੇ, ਖ਼ੁਸ਼ਹਾਲ-ਕੰਗਾਲ, ਦੇਵਤੇ-ਰਾਖਸ਼ ਦੇ ਸਤਾਲਿਨਵਾਦੀ ਪਰਵਚਨਾਂ ਨਾਲ਼ ਭਰਿਆ ਪਿਆ ਹੈ। ਪਾਸ਼ ਵਰਗਾ ਕਵੀ ਹੀ ਇਸ ਸਮੁੱਚੇ ਫ਼ਾਰਮੂਲਾ ਸਾਹਿਤ ਨੂੰ "ਭਾਂਜਵਾਦੀ ਸਾਹਿਤ" ਆਖ ਸਕਦਾ ਸੀ, ਸਾਹਿਤ ਜਿਹੜਾ ਕਿ "ਗੁੰਝਲ਼ਦਾਰ ਸਮਾਜਿਕ ਯਥਾਰਥ ਵਿਚ ਖੁੱਲ੍ਹਣ ਦੀ ਯਾਤਨਾ ਸਹਿਣਾ ਨਹੀਂ ਚਾਹੁੰਦਾ।" ਪਾਸ਼ ਤਾਂ ਤਕਰੀਬਨ ਸਾਰੇ ਤਰੱਕੀਪਸੰਦਾਂ ਨੂੰ ਐਸੇ ਰਸੋਈਏ ਦਸਦਾ ਹੈ, ਜੋ ਆਂਡੇ ਦੇ ਖੋਲ ਦੀ ਭੁਰਜੀ ਬਣਾਉਣ ਦੇ ਮਾਹਿਰ ਹਨ।

ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਦੇ ਜੁਝਾਰ ਦੌਰ ਦਾ ਮੁੱਢ *ਦਸਤਾਵੇਜ਼* ਪਰਚੇ ਨਾਲ਼ ਬੱਝਾ ਸੀ, ਜੋ ਮੈਂ ਕਢਦਾ ਹੁੰਦਾ ਸੀ। ਲੋਕ ਨਕਸਲੀ ਲਹਿਰ ਦੇ ਆਗੂਆਂ ਨਾਲ਼ੋਂ ਇਸ ਲਹਿਰ ਦੇ ਕਵੀਆਂ ਨੂੰ ਵਧ ਜਾਣਦੇ ਸਨ। ਇਸ ਭੀੜ ਚ ਵੀ ਮੈਂ ਇਕੱਲਾ ਹੀ ਰਿਹਾ।

ਇਸ ਬਾਰੇ ਭਗਵਾਨ ਸਿੰਘ ਜੋਸ਼ ਨੇ ਲਿਖਿਆ ਸੀ:

ਤਿੰਨ-ਚਾਰ ਨਾਂ ਆਮ ਲਏ ਜਾਂਦੇ ਸੀ – ਪਾਸ਼, ਦਿਲ ਤੇ ਚੰਦਨ ਤੇ ਸੰਤ ਰਾਮ ਉਦਾਸੀ। ਵਿਦਰੋਹੀ ਕਵਿਤਾ ਦੇ ਜ਼ਿਆਦਾ ਦ੍ਰਿਸ਼ਟਾਂਤ ਪਾਸ਼ ਤੇ ਉਦਾਸੀ ਦੀ ਕਵਿਤਾ ਵਿੱਚੋਂ ਹੀ ਦਿੱਤੇ ਜਾਂਦੇ। ਇਨਕਲਾਬੀ ਕਵਿਤਾ ਦੀ ਪੈਂਠ ਬੰਨ੍ਹਣ ਵਾਲ਼ੇ ਆਲੋਚਕ ਨੂੰ ਚੰਦਨ ਦੀ ਕਵਿਤਾ ਵਿੱਚੋਂ ਲਟ-ਲਟ ਬਲ਼ਦੇ ਸ਼ਬਦ ਨਾ ਲਭਦੇ। ਚੰਦਨ ਤਾਂ ਓਦੋਂ ਵੀ ਅਪਣੀ ਕਵਿਤਾ ਵਿਚ ਅਪਣੇ ਬਚਪਨ ਦੀ ਟੁੱਟੀ ਸਲੇਟ ਦੀ ਗੱਲ ਕਰਦਾ ਸੀ। ਕਿਥੇ ਬੰਦੂਕ ਤੇ ਕਿਥੇ ਟੁੱਟੀ ਸਲੇਟ! ਇਹਦਾ ਨਾਂ ਤਾਂ ਇਨਕਲਾਬੀ ਕਵੀਆਂ ਦੀ ਲਿਸਟ ਵਿਚ ਸ਼ਾਮਿਲ ਰਿਹਾ, ਪਰ ਇਹਦੀ ਕਵਿਤਾ ਦੇ ਇਨਕਲਾਬੀ ਹੋਣ ਬਾਰੇ ਸ਼ੱਕ ਬਣਿਆ ਰਿਹਾ। ਹੁਣ ਦੇਖਿਆਂ ਲਗਦਾ ਹੈ ਕਿ ਚੰਦਨ ਦੀ ਹਾਲਤ ਬੜੀ ਅਜੀਬ ਸੀ। ਇਹਨੇ ਆਪ ਇਨਕਲਾਬੀ ਕਵੀਆਂ ਤੇ ਉਨ੍ਹਾਂ ਦੀ ਕਵਿਤਾ ਨੂੰ ਪ੍ਰੋਮੋਟ ਕਰਨ ਲਈ ਬਹੁਤ ਕੰਮ ਕੀਤਾ, ਪਰ ਆਪ ਬਿਲਕੁਲ ਵੱਖਰੀ ਕਿਸਮ ਦੀ ਕਵਿਤਾ ਲਿਖਦਾ ਰਿਹਾ। ਐਸੀ ਕਵਿਤਾ ਜਿਸਨੂੰ 'ਤੇਤੀ ਪਰਸੈਂਟ' ਨੰਬਰ ਦੇ ਕੇ ਵੀ ਕੋਈ ਇਨਕਲਾਬੀ ਆਲੋਚਕ ਇਹਨੂੰ ਪਾਸ ਨਹੀਂ ਸੀ ਕਰਨਾ ਚਾਹੁੰਦਾ! ਉਸ ਵੇਲੇ ਵੀ ਜਦੋਂ ਇਹਨੇ ਇਨਕਲਾਬ ਨੂੰ ਅੰਨ੍ਹੇਰੀ ਨਾਲ਼ ਤਸ਼ਬੀਹ ਦਿੱਤੀ, ਤਾਂ ਉਹਦੇ ਨੈਗੇਟਿਵ ਰੋਲ ਵਲ ਵੀ ਇਸ਼ਾਰਾ ਕਰ ਦਿੱਤਾ- ਅੰਨ੍ਹੇਰੀ ਆਏਗੀ/ਅਮਲਤਾਸ ਦੇ ਸੁਹਣੇ-ਸੁਹਣੇ ਫੁੱਲ ਝੜ ਜਾਣਗੇ...

– ਪੰਜਾਬੀ ਲੇਖਕ ਸਭਾ ਡਰਬੀ (ਇੰਗਲੈਂਡ) ਦੇ 28 ਸਤੰਬਰ 1996 ਨੂੰ ਹੋਏ ਜੋੜਮੇਲੇ ਵਿਚ ਪੜ੍ਹੇ ਗਏ ਪਰਚੇ **ਵਿਚਾਰਧਾਰਾ ਤੋਂ ਮੁਕਤ ਕਵਿਤਾ: ਜੜ੍ਹਾਂ** ਵਿੱਚੋਂ।

ਤਰੱਕੀਪਸੰਦ ਸਾਹਿਤ ਚ ਕਾਣ ਏਸ ਕਰਕੇ ਵੀ ਹੈ ਕਿ ਇਹਨੇ ਗ਼ਮੇ-ਦੌਰਾਂ ਦੀ ਗੱਲ ਤਾਂ ਕੀਤੀ, ਪਰ ਗ਼ਮੇ-ਹਸਤੀ ਦੀ ਨਹੀਂ। ਇਥੋਂ ਤਕ ਕਿ ਮਰਦ-ਔਰਤ ਦੇ ਰਿਸ਼ਤੇ ਦੀ ਗੱਲ ਕਰਨੀ ਵੀ ਮਿਹਣਾ ਸੀ। ਇਕੱਲਤਾ ਉਦਾਸੀ, ਬੀਮਾਰੀ ਬੁਢਾਪੇ ਤੇ ਵਿਛੋੜੇ ਦੀ ਹੋਣੀ ਦੇ ਦੁੱਖ ਨੂੰ ਤਰੱਕੀਪਸੰਦ ਬਾਹਰਲੇ ਰੌਲ਼ੇ ਚ ਲੁਕਾਉਂਦੇ ਰਹੇ। ਉਰਦੂ ਸ਼ਾਇਰੀ ਚ ਦੋ ਪੰਜਾਬੀਆਂ ਦੇ ਨਾਂ ਬੋਲਦੇ ਹਨ। ਇਕ ਪਾਸੇ ਹੈ, ਗ਼ਮੇ-ਹਸਤੀ ਦੀ ਗੱਲ ਕਰਨ ਵਾਲ਼ਾ ਨੂਨ ਮੀਮ ਰਾਸ਼ਿਦ ਤੇ ਦੂਜੇ ਹੱਥ ਗ਼ਮੇ-ਦੌਰਾਂ ਦੀ ਗੱਲ ਕਰਨ ਵਾਲ਼ਾ ਫ਼ੈਜ਼ ਅਹਿਮਦ ਫ਼ੈਜ਼। ਕਰਨ ਨੂੰ ਤਾਂ ਫ਼ੈਜ਼ ਵੀ 'ਮੈਂ' ਦੀ ਗੱਲ ਕਰਦਾ ਹੈ। ਪਰ 'ਮੈਂ' ਕੌਣ ਹੋਇਆ; ਇਸ ਸਵਾਲ ਦੇ ਸਨਮੁੱਖ ਹੋਣ ਦੀ ਉਹਦੇ ਚ ਹਿੰਮਤ ਨਹੀਂ ਹੈ। ਸਹੀ ਤਾਂ ਮੱਧਮਾਰਗ ਹੀ ਹੈ ਕਿ ਲਿਖਾਰੀ ਗ਼ਮੇ-ਦੌਰਾਂ ਦੀ ਗੱਲ ਵੀ ਕਰੇ ਤੇ ਗ਼ਮੇ-ਹਸਤੀ ਦੀ ਵੀ। ਮੈਂ ਅਪਣੀ ਮੁੱਢਲੀ ਕਵਿਤਾ ਵਿਚ ਵੀ ਉਦਾਸੀ, ਇਕੱਲਤਾ ਤੇ ਮੌਤ ਦੀ ਗੱਲ ਕੀਤੀ। ਮੇਰੇ ਲਈ ਕੋਈ ਵੀ ਵਿਸ਼ਾ ਵਰਜਿਤ ਨਹੀਂ। ਪਰ ਮੈਂ ਕਦੇ ਨਫ਼ਾਸਤ (ਡੀਸੈਂਨਸੀ) ਤੇ ਸਾਲਮੀਅਤ (ਇੰਟੈਗਰਿਟੀ) ਦਾ ਪੱਲਾ ਨਹੀਂ ਛੱਡਦਾ। ਸੰਨ 1980 ਚ ਮੈਂ ਦੇਸ ਛੱਡ ਕੇ ਪਹਿਲਾਂ ਜਰਮਨੀ ਗਿਆ ਤੇ ਫੇਰ ਇੰਗਲੈਂਡ ਜਾ ਕੇ ਵਸ ਗਿਆ। ਮੈਂ ਕਵਿਤਾ ਵੀ ਲਿਖੀ ਗਿਆ।

ਪਿਛਲੇ ਦਹਾਕੇ ਚ ਮਾਈ ਸੁਰਸਤੀ ਦੀ ਕ੍ਰਿਪਾ ਨਾਲ਼ ਮੈਂ ਦਬ ਕੇ ਨਜ਼ਮ ਤੇ ਨਸਰ ਲਿਖੀ ਹੈ; ਜਿਹਦੀ ਮਾਨਤਾ ਵੀ ਹੋਈ। ਮੈਂ ਤਾਂ ਆਪ ਇਸ ਸਵਾਲ ਦਾ ਜਵਾਬ ਨਹੀਂ ਦੇ ਸਕਦਾ ਕਿ ਜੋ ਕੁਝ ਮੈਂ ਇੰਗਲੈਂਡ ਰਹਿੰਦਿਆਂ ਲਿਖਿਆ ਹੈ, ਕੀ ਉਹ ਪੰਜਾਬ ਰਹਿੰਦਿਆਂ ਲਿਖ ਸਕਦਾ ਸੀ? ਇਹ ਗੱਲ ਤਾਂ ਪੱਕੀ ਹੈ ਕਿ ਬਹੁਤੀਆਂ ਕਵਿਤਾਵਾਂ ਯਾਤਰਾ ਕਰਕੇ ਕੇ ਹੀ ਲਿਖ ਹੋਈਆਂ; ਜਿਵੇਂ ਲਸਣ ਕਵਿਤਾ ਕੈਲਿਫ਼ੋਰਨੀਆ ਆ ਕੇ ਹੀ ਲਿਖੀ ਜਾ ਸਕਦੀ ਸੀ; **ਝਰਨਾ** ਇੰਗਲੈਂਡ ਦੇ ਲੇਕ ਡਿਸਟ੍ਰਿਕਟ ਨੇ ਲਿਖਵਾਈ ਤੇ **ਨਨਕਾਣਾ** ਤੇ ਹੋਰ ਕਵਿਤਾਵਾਂ ਉਸ ਥਾਂ ਦੇ ਦਰਸ਼ਨਾਂ ਬਾਝ ਨਹੀਂ ਸੀ ਲਿਖ ਹੋਣੀਆਂ।

ਵਲਾਇਤੀ ਪੰਜਾਬੀ ਸ਼ਾਇਰਾਂ ਦੇ ਚਹੇਤੇ ਵਿਸ਼ੇ ਗੋਰਾ ਨਸਲਵਾਦ ਤੇ ਕਿਰਤੀ ਦੀ ਪੂੰਜੀਵਾਦੀ ਲੁੱਟ ਮੇਰੇ ਸਿੱਧੇ ਤਜਰਬੇ ਚ ਸ਼ਾਮਲ ਨਹੀਂ ਹਨ। ਮੇਰੀ ਹੁਣ ਦੀ ਕਵਿਤਾ ਚ ਮਾਂ ਬੋਲੀ ਦੇ ਵਿਗੋਚੇ ਦਾ ਦੁੱਖ ਭਰਿਆ ਪਿਆ ਹੈ। ਇਹਦੀ ਜੋਤ ਮੇਰੇ ਨਾਲ਼ ਹੀ ਬੁਝ ਜਾਣੀ ਹੈ, ਇਹ ਸੋਚ ਕੇ ਹੌਲ ਪੈਂਦਾ ਹੈ। (ਇਹ ਅੱਖਰ ਪਾਂਦਿਆਂ ਮੈਂ ਅਪਣੇ 18 ਸਾਲਾਂ ਦੇ ਪੁਤ ਨਵਰੋਜ਼ ਨੂੰ ਦੱਸਿਆ ਕਿ ਮੈਂ ਕੀ ਲਿਖ ਰਿਹਾਂ। ਇਹ ਅੰਗਰੇਜ਼ੀ ਚ ਆਖਣ ਲੱਗਾ: ਇਹ ਤੁਹਾਡਾ ਹੀ ਕਸੂਰ ਹੈ; ਕੋਈ ਘਬਰਾਣ ਵਾਲ਼ੀ ਗੱਲ ਨਹੀਂ; ਇੰਜ ਮਨੁੱਖੀ ਸਮਾਜ ਦੇ ਵਿਕਾਸ ਚ ਹੁੰਦਾ ਹੀ ਆਇਆ ਹੈ।) ਪੰਜਾਬੀ ਮੇਰੇ ਨਿੱਤ ਦੇ ਸਮਾਜੀ ਵਿਹਾਰ ਚੋਂ ਅਲੋਪ ਹੈ; ਮੈਂ ਇਹ ਅਪਣੇ ਖ਼ਿਆਲਾਂ ਚ ਹੀ ਸੋਚਦਾ, ਬੋਲਦਾ ਤੇ ਸੁਣਦਾ ਹਾਂ। ਇਸ ਵਿਗੋਚੇ ਨੂੰ ਝੂਰਦਿਆਂ ਮੈਂ ਮਾਂ ਬੋਲੀ ਦੇ ਹਰ ਸ਼ਬਦ ਦੀ ਰੂਹ ਚ ਲਹਿੰਦਾ ਗਿਆ। 'ਪੁੱਠੇ ਵਹਿਣੀਂ ਤਰਦਾ ਮੈਂ ਓਥੇ ਅਪੜ ਗਿਆ, ਜਿਥੋਂ ਬੋਲੀ ਦਾ ਦਰਿਆ ਨਿਕਲ਼ੇ ਹੈ'...। ਮੈਨੂੰ ਦਰਸ਼ਨ ਹੋ ਗਏ। ਮੈਂ ਹੁਣ ਜਾਣ ਕੇ ਵਿਆਕਰਣ ਦੀਆਂ ਵਾੜਾਂ ਟੱਪਦਾ ਹਾਂ; ਦੇਖਦਾ ਹਾਂ ਕਾਲ (ਟੈਂਸ) ਸ਼ਬਦ ਨਾਲ਼ ਲੁਕਨਮੀਟੀ ਕਿਵੇਂ ਖੇਲਦਾ ਹੈ; ਮੈਂ ਲਿਖੇ ਹੋਏ ਨੂੰ ਪੁੱਠੇ ਪਾਸਿਉਂ ਪੜ੍ਹਦਾ ਹਾਂ। 'ਮਾਂ ਬੋਲੀ ਮੇਰੀ ਮਾਂ ਦੀ ਕੱਛ ਹੈ/ਅਪਣੇ ਹੋਣ ਤੋਂ ਡਰਦਾ ਡਰਦਾ/ ਜਿਸ ਵਿਚ ਰੋਜ਼ ਦਿਹਾੜੇ ਵੜਦਾਂ//ਫਿਰ ਮੈਨੂੰ ਨਾ ਰਹਿੰਦੀ ਚਿੰਤਾ/ਆਉਂਦੇ ਕਲ੍ਹ ਤੇ ਬੀਤੇ ਕਲ੍ਹ ਦੀ।' ਮੈਂ ਰੰਗਾਂ ਤੇ ਸੁਰਾਂ ਤੋਂ ਪਾਰ ਦਾ ਭੇਤ ਪਾਉਣ ਲੱਗਾ ਹੋਇਆ ਹਾਂ। ਮੈਨੂੰ ਕਿਤੇ ਦਾ ਹੇਰਵਾ ਤਾਂ ਹੈ, ਪਰ ਉਸਦਾ ਕੋਈ ਨਾਂ-ਥੇਹ ਨਹੀਂ; ਇਹ ਗੱਲ ਮੇਰੀ ਗਰੀਕ ਅਨੁਵਾਦਕ ਕ੍ਰਿਸਟੀਨਾ ਲੀਨਾਰਦਾਕਿਸ ਨੇ ਫੜੀ ਸੀ।

ਸਤਪਾਲ ਗੌਤਮ ਨੇ ਮੇਰੀ ਕਵਿਤਾ ਦੀ ਕਿਤਾਬ *ਛੰਨਾ* (1998) ਦੇ ਸ਼ੁਰੂ ਚ ਲਿਖਿਆ ਸੀ:

ਚੰਦਨ ਨੇ ਸਵੈ-ਪਛਾਣ ਨੂੰ ਖੋਜਦਿਆਂ ਮਾਰਕਸਵਾਦੀ ਪਿਛੋਕੜ ਦੇ ਬਾਵਜੂਦ ਪੰਜਾਬੀ ਵਿਰਸੇ ਦੇ ਦੋ ਵੱਡੇ ਸੋਮਿਆਂ ਸੂਫ਼ੀਬਾਣੀ ਤੇ ਗੁਰਬਾਣੀ ਨੂੰ ਸਮਕਾਲੀ ਭਾਸ਼ਾ-ਦਰਸ਼ਨ ਦੀ ਦ੍ਰਿਸ਼ਟੀ ਤੋਂ ਸਮਝ ਕੇ ਅਪਣਾਇਆ ਹੈ। ਇਹਨੇ ਫ਼ਲਸਫ਼ੇ ਤੇ ਕਵਿਤਾ ਵਿਚਾਲ਼ੇ ਪਾਈ ਗਈ ਅਫ਼ਲਾਤੂਨੀ ਹੱਦ ਨੂੰ ਵੀ ਤੋੜਿਆ ਹੈ।

ਇਕ ਗੱਲ ਅਪਣੀ ਨਜ਼ਮ ਤੇ ਨਸਰ ਦੀ ਬੋਲੀ ਬਾਰੇ ਵੀ ਕਰ ਲਵਾਂ – ਮੈਂ ਵਾਹ ਲਗਦੀ ਔਖੀ ਤੋਂ ਔਖੀ ਗੱਲ ਠੇਠ ਤੇ ਸੌਖੀ ਬੋਲੀ ਚ ਲਿਖਦਾ ਹਾਂ ਕਿ ਮੇਰੀ ਗੱਲ ਕਿਸੇ ਲਹੌਰ ਬੈਠੇ ਨੂੰ ਓਪਰੀ ਨਾ ਲੱਗੇ। ਅਮੀਨ ਮੁਗ਼ਲ ਦੇ *ਜੜ੍ਹਾਂ* (1995) ਕਿਤਾਬ ਦੇ ਪੇਸ਼ਲਫ਼ਜ਼ ਸਨ:

> *ਜੜ੍ਹਾਂ* ਪੜ੍ਹਦਿਆਂ ਜਿਸ ਗੱਲ ਦਾ ਸਭ ਤੋਂ ਜ਼ਿਆਦਾ ਇਦਰਾਕ ਹੁੰਦਾ ਏ, ਉਹ ਹੈ ਇਸਦਾ ਜਿਸਮਾਨੀ ਰਿਸ਼ਤੇ ਦੇ ਅਜ਼ੀਮ ਹੋਣ ਦਾ ਏਲਾਨ। ਸਿਆਸੀ ਤੇ ਸਮਾਜੀ ਰਿਸ਼ਤਿਆਂ ਤੋਂ ਵੱਡਾ (ਜਾਂ ਕਮ-ਅਜ਼-ਕਮ ਉਨ੍ਹਾਂ ਜਿੰਨਾ ਹੀ ਅਹਿਮ) ਬੁਨਿਆਦੀ ਰਿਸ਼ਤਾ ਹੈ – ਦੋ ਬੰਦਿਆਂ ਦਰਮਿਆਨ ਜਿਸਮਾਨੀ/ਜਿਨਸੀ ਤਾਅੱਲੁਕ। ਇਸਦਾ ਇਕਰਾਰ ਜਿਸ ਅੰਦਾਜ਼ ਵਿਚ ਚੰਦਨ ਨੇ ਕੀਤਾ ਏ, ਉਸਦੀ ਮਿਸਾਲ ਪੰਜਾਬੀ ਅਦਬ ਵਿਚ ਸ਼ਾਇਦ ਹੀ ਹੋਵੇ।

ਐਸੀ ਕਵਿਤਾ ਨੂੰ ਚਲੰਤ-ਬੋਲੀ ਵਿਚ “ਪਿਆਰ ਕਵਿਤਾ” ਕਹਿੰਦੇ ਹਨ। ਜਿਸਮਾਨੀ/ਜਿਨਸੀ ਤਾਅੱਲੁਕ ਦੀ ਸ਼ਾਇਰੀ ਨੂੰ ਪਿਆਰ ਕਵਿਤਾ ਆਖਣਾ ਇਹਨੂੰ ਬੰਨ੍ਹਣ ਵਾਲ਼ੀ ਗੱਲ ਹੈ। ਮੇਰੀ ਸ਼ਾਇਰੀ ਸੁਣ ਕੇ ਚੰਡੀਗੜ੍ਹ ਮੈਨੂੰ ਕਿਸੇ ਬੀਬੀ ਨੇ ਪੁੱਛਿਆ ਸੀ: ਉਹ ਕੌਣ ਹੈ? ਲਗਦੈ, ਤੁਹਾਨੂੰ ਗਹਿਰੀ ਚੋਟ ਲੱਗੀ ਹੋਈ ਹੈ! – ਮੈਂ ਅੱਗੋਂ ਹੱਸ ਪਿਆ ਸੀ।

ਪ੍ਰੇਮ ਪ੍ਰਕਾਸ਼ ਨੇ ਕਿਹਾ ਸੀ: “ਚੰਦਨ ਦੀ ਕਵਿਤਾ ਨਾ ਪੰਜਾਬ ਦੀ ਕਵਿਤਾ ਹੈ, ਨਾ ਵਲਾਇਤ ਦੀ। ਇਹ ਸਾਰੇ ਜੱਗ ਦੀ ਕਵਿਤਾ ਹੈ। ਇਹ ਕਿਸੇ ਵਾਦ ਵਿਚ ਬੱਝਣ ਵਾਲ਼ੀ ਨਹੀਂ।” ਇਸੇ ਕਰਕੇ ਸਿੱਧੜ ਆਲੋਚਕਾਂ ਨੂੰ ਬੜੀ ਔਖਿਆਈ ਹੁੰਦੀ ਹੈ। ਪੋਸਟੀ (ਪੋਸਟ-ਮਾਡਰਨਿਸਟ) ਇਹਨੂੰ ਉਤਰ-ਆਧੁਨਿਕਵਾਦੀ ਆਖ ਕੇ ਮੈਨੂੰ ਅਪਣੀ ਧਿਰ ਬਣਾਉਣ ਦਾ ਹੀਲਾ ਕਰਦੇ ਹਨ ਤੇ ਸਤਾਲਿਨਵਾਦੀ ਆਲੋਚਕਾਂ ਕੋਲ਼ ਪਾਸ਼ ਦੇ ਕਹਿਣ ਵਾਂਙ ‘ਨਾ ਅੱਗ ਹੈ ਨਾ ਲੋਹਾ। ਇਹ ਕਿਸੇ ਦੀ ਮਿੱਟੀ ਪਲੀਤ ਕਰ ਸਕਦੇ ਹਨ; ਸੰਵਾਦ ਨਹੀਂ ਕਰ ਸਕਦੇ। ਅਪਣੀ ਮਿੱਟੀ ਉਨ੍ਹਾਂ ਕੋਲ਼ ਹੈ ਹੀ ਨਹੀਂ।’

ਪੋਸਟੀਆਂ ਦੇ ਗਿਆਤ ਲਈ ਮੈਂ, ਅਮਰਜੀਤ ਚੰਦਨ, ਹਾਲੇ ਵੀ ਸਮਝਦਾ ਹਾਂ ਕਿ ਇਤਿਹਾਸ ਮੁੱਕਿਆ ਨਹੀਂ। ਦੁਨੀਆ ਹਾਲੇ ਵੀ ਲੋਕਾਂ ਤੇ ਜੋਕਾਂ ਚ ਵੰਡੀ ਹੋਈ ਹੈ। ਲੋਕ ਅਪਣੀ ਮੁਕਤੀ ਦਾ ਰਾਹ ਆਪ ਲਭਦੇ ਆਏ ਹਨ ਤੇ ਅੱਗੇ ਨੂੰ ਵੀ ਲਭਦੇ ਰਹਿਣਗੇ।

•

## ਬਾਮਿਯਾਨ ਬਾਮਿਯਾਨ: ਅਣਲਿਖੀ ਰਹਿ ਗਈ ਕਵਿਤਾ

ਅਫ਼ਗ਼ਾਨਿਸਤਾਨ ਨੂੰ ਕੋਈ ਸਰਾਪ ਲੱਗਾ ਹੋਇਆ ਹੈ। ਇਸ ਮੁਲਕ ਉੱਤੇ ਕਹਿਰ ਵਰਤਦਿਆਂ ਏਨੇ ਸਾਲ ਹੋ ਗਏ ਹਨ ਕਿ ਹੁਣ ਉਥੋਂ ਦੀ ਛਪੀ ਖ਼ਬਰ ਦੇਖਣ ਨੂੰ ਵੀ ਚਿਤ ਨਹੀਂ ਕਰਦਾ। ਇਹ ਉਹ ਕਰਮਾਂਮਾਰੀ ਧਰਤੀ ਹੈ, ਜਿਥੇ ਬੱਚੇ ਖਿਡੌਣਿਆਂ ਨਾਲ਼ ਨਹੀਂ ਖੇਲ ਸਕਦੇ; ਪਤੰਗ ਨਹੀਂ ਉਡਾ ਸਕਦੇ। ਔਰਤਾਂ ਇਲਮ ਹਾਸਿਲ ਨਹੀਂ ਕਰ ਸਕਦੀਆਂ; ਹੱਸ ਨਹੀਂ ਸਕਦੀਆਂ। ਜਿਥੇ ਸੰਗੀਤ ਤਾਂ ਕੀ, ਤਸਵੀਰ ਵੀ ਹਰਾਮ ਹੈ; ਇਸ ਲਈ ਕੋਈ ਟੀਵੀ ਨਹੀਂ, ਫ਼ਿਲਮ ਨਹੀਂ, ਚਿਤ੍ਰਕਾਰੀ ਨਹੀਂ।

ਮਾਰਚ 2001 ਵਿਚ ਜਦ ਤਾਲਿਬਾਨ ਹਾਕਮਾਂ ਨੇ ਕਾਬਲ ਦੇ ਪੱਛਮ ਚ ਬਾਮਿਯਾਨ ਕਸਬੇ ਚ ਭਿੱਖੂਆਂ ਦੀਆਂ ਬਾਲੂ ਪੱਥਰ ਦੀ ਚੱਟਾਨ ਨੂੰ ਤਰਾਸ਼ ਕੇ ਬਣਾਈਆਂ ਮਹਾਤਮਾ ਬੁੱਧ ਦੀਆਂ ਦੋ ਮੂਰਤੀਆਂ ਰਾਕਟਾਂ ਨਾਲ਼ ਉਡਾ ਦਿੱਤੀਆਂ, ਤਾਂ ਦੁਨੀਆ ਚ ਬੜੀ ਹਾਹਾਕਾਰ ਹੋਈ। ਭੰਡੀ ਹੋਈ। ਲੱਖ ਲਾਹਨਤਾਂ ਪਈਆਂ। ਤਾਲਿਬਾਨ ਟੱਸ ਚੋਂ ਮੱਸ ਨਾ ਹੋਏ। ਉਹ ਅਪਣੀ ਥਾਂ ਸੱਚੇ ਸੀ। ਉਨ੍ਹਾਂ ਦਾ ਮਜ਼ਹਬ ਇਹੀ ਕੁਝ ਸਿਖਾਉਂਦਾ ਹੈ। ਹਜ਼ਰਤ ਮੁਹੰਮਦ ਨੇ ਵੀ ਬੁੱਤ ਭੰਨੇ ਸੀ। ਖ਼ਾਨਾ-ਏ-ਕਾਅਬਾ ਦੇਵਤਿਆਂ ਦੇ ਬੁੱਤਾਂ ਨਾਲ਼ ਭਰਿਆ ਪਿਆ ਸੀ। ਉਥੇ ਇਕ ਦੇਵਤੇ ਦਾ ਬੁੱਤ ਨਹੀਂ ਸੀ, ਜਿਹਦਾ ਨਾਂ ਸੀ ਅੱਲ੍ਹਾ। ਪਰ ਪੂਜਾ ਉਹਦੀ ਵੀ ਹੁੰਦੀ ਸੀ। ਮੁਹੰਮਦ ਦਾ ਚਾਚਾ ਸੀ, ਅਬੂ ਹਿਕਮ। ਮੁਸਲਮਾਨ ਉਹਨੂੰ ਘਿਣ ਨਾਲ਼ ਅਬੂ ਜਿਹਲ (ਯਾਨੀ ਜਾਹਲ) ਕਹਿੰਦੇ ਹਨ। ਚਾਚੇ ਨੇ ਅਪਣੇ ਭਤੀਜੇ ਨੂੰ ਸਮਝਾਇਆ ਸੀ – ਤੂੰ ਅਪਣੇ ਰੱਬ ਨੂੰ ਮੰਨੀ ਜਾ; ਸਾਡਿਆਂ ਦੇਵਤਿਆਂ ਨੂੰ ਗਾਲ੍ਹ ਨਾ ਕੱਢ। – ਸਾਰੇ ‘ਫ਼ੰਡਾਮੈਂਟਲਿਸਟ’ ਮੁੰਹਮਦ ਵਾਂਙ ਹੀ ਸੋਚਦੇ ਹਨ; ਭਾਵੇਂ ਉਹ ਕਿਸੇ ਵੀ ਵਿਚਾਰਧਾਰਾ ਦੇ ਹੋਣ। ਹੁਣ ਕਾਅਬੇ ਵਿਚ ਇੱਕੋ ਕਾਲ਼ੇ ਰੰਗ ਦਾ ਪੱਥਰ ਪਿਆ ਹੈ – ਹਜਰ-ਏ-ਅਸਵਦ। ਇਹ ਉਸ ਕੋਠੜੀ ਦੀ ਕੰਧ ਵਿਚ ਜੜਿਆ ਹੈ, ਜੋ ਤੁਸੀਂ ਮੱਕੇ ਦੀਆਂ ਤਸਵੀਰਾਂ ਚ ਵੇਖੀ ਹੋਵੇਗੀ; ਹਰ ਵਰ੍ਹੇ ਲੱਖਾਂ ਹਾਜੀ ਇਹਦਾ ਤਵਾਫ਼ – ਪਰਦੱਖਣਾ – ਕਰਦੇ ਹਨ। ਕਹਿੰਦੇ ਹਨ ਕਿ ਜਦ ਇਹ ਜੰਨਤ ਤੋਂ ਧਰਤੀ ’ਤੇ ਡਿੱਗਿਆ ਸੀ, ਤਾਂ ਚਿੱਟੇ ਰੰਗ ਦਾ

ਸੀ। ਪਰ ਆਦਮ ਦੀ ਔਲਾਦ ਦੇ ਛੁਹੀ ਜਾਣ ਨਾਲ਼ ਕਾਲ਼ਾ ਹੋ ਗਿਆ। ਪਰਲੋ ਮਗਰੋਂ ਜਦ ਅੱਲ੍ਹਾ ਨੇ ਇਨਸਾਫ਼ ਕੀਤਾ, ਤਾਂ ਇਸ ਪੱਥਰ ਨੂੰ ਦੋ ਅੱਖਾਂ ਤੇ ਜੀਭ ਲਗ ਜਾਵੇਗੀ – ਅੱਖਾਂ ਪਛਾਣਨਗੀਆਂ ਤੇ ਜੀਭ ਗਵਾਹੀ ਦੇਵੇਗੀ। (ਇਹ ਸ਼ਿਅਰ ਗ਼ਾਲਿਬ ਹੀ ਲਿਖ ਸਕਦਾ ਸੀ – ਖ਼ੁਦਾ ਕੇ ਵਾਸਤੇ ਪਰਦਾ ਨ ਕਾਅਬੇ ਸੇ ਉਠਾ ਜ਼ਾਲਿਮ/ਕਹੀਂ ਐਸਾ ਨ ਹੋ, ਯਾਂ ਭੀ ਵਹੀ ਕਾਫ਼ਿਰ ਸਨਮ ਨਿਕਲੇ)।

ਬਾਮਿਯਾਨ ਵਾਲ਼ੀਆਂ ਬੁੱਧ ਦੀਆਂ ਇਨ੍ਹਾਂ ਦੋ ਮੂਰਤੀਆਂ ਨੂੰ ਢਾਹੁੰਦਿਆਂ ਮੁਸਲਮਾਨਾਂ ਨੂੰ ਸਦੀਆਂ ਲਗ ਗਈਆਂ। ਏਨਾ ਹੱਠ! ਇਨ੍ਹਾਂ ਮੂਰਤੀਆਂ ਚ ਜ਼ਰੂਰ ਕੋਈ ਗੱਲ ਹੋਣੀ ਹੈ। ਪਹਿਲੀ ਵਾਰ ਸੱਤਵੀਂ ਸਦੀ ਈਸਵੀ ਚ ਅਰਬਾਂ ਨੇ ਇਨ੍ਹਾਂ ਉੱਤੇ ਹਮਲਾ ਕੀਤਾ। ਅਲਬਰੂਨੀ ਦਸਦਾ ਹੈ ਕਿ ਮੁਜਾਹਿਦਾਂ ਨੇ 856 ਈ: ਵਿਚ ਕਾਬਲਸ਼ਾਹੀ ਦੀ ਜੰਗ ਚ ਇਨ੍ਹਾਂ ਨੂੰ ਭੰਨਣ ਦੀ ਕੋਸ਼ਿਸ਼ ਕੀਤੀ। ਤੇਰ੍ਹਵੀਂ ਸਦੀ ਚ ਚੰਗੇਜ਼ ਖ਼ਾਨ ਨੇ ਬਾਮਿਯਾਨ ਚ ਕਤਲੇਆਮ ਕੀਤਾ ਤੇ ਬੁੱਧ ਦੀਆਂ ਮੂਰਤੀਆਂ ਭੰਨਣ ਲਈ ਵੀ ਟੱਕਰਾਂ ਮਾਰੀਆਂ। ਅਗਲੀ ਸਦੀ ਵਿਚ ਤੈਮੂਰ ਲੰਗ ਨੇ ਬੁੱਧ ਦਾ ਮੁੱਖ ਤੇ ਪੈਰ ਭੰਨ ਦਿੱਤੇ। ਅਠਾਰਵੀਂ ਸਦੀ ਚ ਨਾਦਰ ਅਫ਼ਸ਼ਾਰ ਦੀਆਂ ਤੋਪਾਂ ਦੇ ਗੋਲ਼ੇ ਇਨ੍ਹਾਂ ਉੱਤੇ ਵਰ੍ਹੇ। ਇਕ ਸਦੀ ਮਗਰੋਂ ਅਮੀਰ ਦੋਸਤ ਮੁਹੰਮਦ ਖ਼ਾਨ ਦੀ ਮਲਿਕਾ ਜਦੋਂ ਬਾਮਿਯਾਨ ਚੋਂ ਲੰਘੀ, ਤਾਂ ਉਹਨੇ ਮੂਰਤੀਆਂ ਉਡਾ ਦੇਣ ਦਾ ਹੁਕਮ ਦਿੱਤਾ। ਅਖ਼ੀਰ ਨੂੰ ਤਾਲਿਬਾਨ ਨੇ ਚੌਦਾਂ ਸਦੀਆਂ ਦਾ ਸ਼ੁਰੂ ਕੀਤਾ ਕੰਮ ਸਿਰੇ ਚਾੜ੍ਹ ਦਿੱਤਾ। ਹੁਣ ਪਰਬਤ ਜਿੱਡੇ ਮੂੰਹ ਚਿੜਾਉਂਦੇ ਬੋੜੇ ਆਲ਼ੇ ਇਨਸਾਨ ਦੇ ਜਨੂਨ ਦਾ ਨਿਸ਼ਾਨ ਬਣੇ ਖੜ੍ਹੇ ਹਨ।

ਮੇਰੇ ਮਨ ਚ ਨੇਰ੍ਹੀ ਮਚੀ ਪਈ ਸੀ। ਕਰ ਮੈਂ ਕੁਝ ਨਹੀਂ ਸੀ ਸਕਦਾ। ਵਧ ਤੋਂ ਵਧ ਮੈਂ ਅਪਣੀ ਖਿੱਝ ਕਵਿਤਾ ਲਿਖ ਕੇ ਕਢ ਸਕਦਾ ਸੀ। ਮਨ ਵਿਚ ਕਵਿਤਾ ਬਣਨ ਲੱਗੀ – ਨਾਟਕੀ ਕਵਿਤਾ। ਵਿਚ-ਵਿਚ ਕੁਰਾਨ ਦੀਆਂ ਆਇਤਾਂ ਜੜੀਆਂ ਹੋਈਆਂ ਨੇ – ਅਰਬੀ ਤੇ ਫਿਰ ਉਰਦੂ ਤਰਜਮਾ - ਕੁਰਾਨ ਦੇ ਪੰਜਾਬੀ ਤਰਜਮੇ ਚ ਗੱਲ ਨਹੀਂ ਬਣਦੀ – ਤੋਪਾਂ ਚਲਦੀਆਂ ਹਨ, ਬਾਰੂਦ ਫਟਦਾ ਹੈ ਤੇ ਹਰ ਵਾਰ ਪਿੱਛੋਂ ਆਵਾਜ਼ ਗੂੰਜਦੀ ਹੈ – ਬਾਮਿਯਾਨ... ਬਾਮਿਯਾਨ। ਮੈਂ ਹਵਾਲੇ ਇਕੱਠੇ ਕਰਨ ਲੱਗਾ। ਜਿਥੋਂ ਵੀ ਕੋਈ ਖ਼ਬਰ, ਕੋਈ ਤਸਵੀਰ ਮਿਲ਼ੀ; ਕੱਟ ਕੇ ਰੱਖ ਲਈ। ਪਾਕਿਸਤਾਨ ਦੇ ਰਹਿ-ਚੁੱਕੇ ਕਮਿਉਨਿਸਟ ਆਗੂ ਅਮੀਨ ਮੁਗ਼ਲ ਖੇਚਲ਼ ਕਰਕੇ ਅਪਣੇ ਨਤਾਣੇ ਮੋਢਿਆਂ 'ਤੇ ਕੁਰਾਨ ਤੇ ਹੋਰ ਚਾਰ ਪੰਜ ਭਾਰੀਆਂ ਭਾਰੀਆਂ ਪੋਥੀਆਂ ਚੁੱਕ ਕੇ ਲਿਆਏ। ਇਹ ਬੁੱਤਸ਼ਿਕਨੀ ਦੇ ਹਵਾਲੇ ਬੋਲੀ ਗਏ, ਮੈਂ ਲਿਖੀ ਗਿਆ। ਮੈਂ ਇਨ੍ਹਾਂ ਨੂੰ ਦੱਸਿਆ ਨਾ ਕਿ ਮੈਂ ਇਨ੍ਹਾਂ ਹਵਾਲਿਆਂ ਦਾ ਕੀ ਕਰਨਾ ਹੈ। ਮੈਂ ਇਨ੍ਹਾਂ ਦਾ ਦਿਲ ਨਹੀਂ ਸੀ ਢਾਹੁਣਾ ਚਾਹੁੰਦਾ। ਉਂਜ ਇਹ ਅਪਣੇ ਆਪ ਨੂੰ 'ਬੋਧੀ ਮੁਸਲਮਾਨ ਕਮਿਉਨਿਸਟ' ਦੱਸਦੇ ਹਨ।

ਕਾਗ਼ਜ਼ਾਂ ਦਾ ਥੱਬਾ ਮੈਂ ਸਾਂਭ ਕੇ ਰਖ ਲਿਆ ਕਿ ਜਦ ਚਿੱਤ ਟਿਕਾਣੇ ਹੋਇਆ, ਤਾਂ ਮੈਂ ਲੰਮੀ ਕਵਿਤਾ ਲਿਖਾਂਗਾ। ਮੈਂ ਇਹ ਵੀ ਸੋਚਣ ਲੱਗਾ ਕਿ ਮਹਾਤਮਾ ਬੁੱਧ ਇਸ ਕਰਤੂਤ ਦਾ ਕੀ ਕਰਦੇ? ਅੱਵਲ ਤਾਂ ਉਹ ਕਦੇ ਵੀ ਨਾ ਮੰਨਦੇ ਕਿ ਉਨ੍ਹਾਂ ਦੇ ਬੁੱਤ ਬਣਾਏ ਜਾਣ। ਰੱਬ ਨੂੰ ਨਕਾਰਨ ਵਾਲ਼ਾ ਇਹ ਕਿਵੇਂ ਮੰਨ ਸਕਦਾ ਸੀ ਕਿ ਬੰਦਾ ਉਹਨੂੰ ਰੱਬ ਬਣਾ ਕੇ ਪੂਜਣ ਲਗ ਜਾਏ।

ਦਿੱਲੀਓਂ ਮੇਰੀ ਕਿਸੇ ਮੇਲਣ ਨੇ ਮੈਨੂੰ ਈਮੇਲ ਘੱਲੀ; ਦੱਸਿਆ ਸੀ ਕਿ ਓਥੇ ਸਹਮਤ ਵਾਲ਼ਿਆਂ ਨੇ ਵੱਡਾ ਇਕੱਠ ਕਰਕੇ ਤਾਲਿਬਾਨ ਦੀ ਇਸ ਕਰਤੂਤ ਦੀ ਭੰਡੀ ਕੀਤੀ ਹੈ। ਪਤਾ ਹੀ ਹੈ ਕਿ ਇਹ ਸੰਸਥਾ ਸਤਾਲਿਨਵਾਦੀਆਂ ਦੀ ਹੈ। ਸਤਾਲਿਨਸ਼ਾਹੀ ਵੇਲੇ ਰੂਸ ਵਿਚ ਸੈਂਕੜੇ ਗਿਰਜੇ ਢਾਹੇ ਗਏ ਸਨ; ਹੁਣ ਮਾਓਵਾਦੀ ਤਿਬਤ ਵਿਚ ਛੇ ਹਜ਼ਾਰ ਤੋਂ ਵਧ ਬੋਧੀ ਮੰਦਿਰ ਢਾਹ ਚੁੱਕੇ ਹਨ। 'ਧਰਮ ਅਫੀਮ ਹੈ' ਵਾਲ਼ੀ ਮਾਰਕਸ ਦੀ ਇੱਕੋ ਸਤਰ ਨੂੰ ਬਿਨਾਂ ਸਮਝੇ ਰਗੜ-ਰਗੜ ਕੇ ਕਮਿਉਨਿਸਟਾਂ ਨੇ ਹਰ ਮੁਲਕ ਵਿਚ ਰੱਬ ਨਾਲ਼ ਤੇ ਧਰਮ ਨਾਲ਼ ਵੈਰ ਸਹੇੜ ਲਿਆ। (ਦਰਬਾਰ ਸਾਹਿਬ ਦੇ ਸਰੋਵਰ ਨੂੰ ਪੂਰ ਕੇ ਝੋਨਾ ਲਾਉਣ ਵਾਲ਼ੀ ਗੱਲ ਅਮ੍ਰਿਤਸਰ ਦੇ ਕਿਸੇ ਕਮਿਉਨਿਸਟ ਲੀਡਰ ਨੇ ਹੀ ਕੀਤੀ ਸੀ)। ਦੁਨੀਆ ਵਿਚ ਅਖੌਤੀ ਸਮਾਜਵਾਦ ਦੇ ਢਹਿਢੇਰੀ ਹੋਣ ਦਾ ਵੱਡਾ ਕਾਰਣ ਧਰਮ ਨਾਲ਼ ਲਾਇਆ ਵਾਧੂ ਦਾ ਆਢਾ ਸੀ। ਮੈਂ ਅਪਣੀ ਮੇਲਣ ਨੂੰ ਮੋੜ ਕੇ ਲਿਖਿਆ ਕਿ ਤਾਲਿਬਾਨ ਦੀ ਭੰਡੀ ਚੰਗੀ ਗੱਲ ਹੈ; ਪਰ ਮੈਂ ਤਾਂ ਮੰਨਾਂ, ਜੇ ਸਹਮਤ ਵਾਲ਼ੇ ਮਾਓ ਦੇ ਤਾਲਿਬਾਨ ਦੀ ਕੀਤੀ ਤਿਬਤ ਦੇ ਬੋਧੀ ਮੰਦਿਰਾਂ ਦੀ ਤਬਾਹੀ ਦੀ ਵੀ ਗੱਲ ਕਰਨ। ਉਹਨੇ ਅੱਗੋਂ ਸੁਰਜੀਤ ਪਾਤਰ ਦਾ ਚਾਰ ਕੁ ਬੰਦੇ ਛੱਡ ਲੈਣ ਵਾਲ਼ਾ ਉਹ ਸ਼ਿਅਰ ਚਤਾਰ ਕੇ ਮੈਨੂੰ ਚੁੱਪ ਕਰਵਾ ਦਿੱਤਾ।

ਮੇਰੀ ਖਿੱਝ ਦੂਣੀ ਹੋ ਗਈ। ਮੈਂ ਸੋਚਣ ਲੱਗਾ ਕਿ ਮੈਂ ਜਿਸ ਵਿਚਾਰਧਾਰਾ ਨੂੰ ਇਨਸਾਨੀਅਤ ਦੀ ਭਲੇ ਵਾਲ਼ੀ ਵਿਚਾਰਧਾਰਾ ਸਮਝਦਾ ਰਿਹਾ ਹਾਂ, ਉਹਦੇ ਪੈਰੋਕਾਰਾਂ ਦੀਆਂ ਕੀਤੀਆਂ ਵਧੀਕੀਆਂ ਦੀ ਗੱਲ ਕਿਉਂ ਨਾ ਕਰਾਂ? ਕਿੱਡਾ ਵਿਅੰਗ ਹੈ ਕਿ ਸਾਡੇ ਮੁਲਕਾਂ ਵਿਚ ਜਮਹੂਰੀ ਹੱਕਾਂ ਤੇ ਸਿਵਿਲ ਆਜ਼ਾਦੀ ਦਾ ਦਮ ਕਮਿਉਨਿਸਟ ਹੀ ਭਰਦੇ ਹਨ; ਪਰ ਜਿਥੇ ਵੀ ਇਨ੍ਹਾਂ ਦੀ ਹਕੂਮਤ ਆਈ, ਉਥੇ ਇਨ੍ਹਾਂ ਹਰ ਹੱਕ ਤੇ ਹਰ ਆਜ਼ਾਦੀ ਦਰੜ ਕੇ ਰਖ ਦਿੱਤੀ; ਦੁਸ਼ਮਣਾਂ ਨੂੰ ਤਾਂ ਕੀ ਹੱਕ ਦੇਣੇ ਸੀ, ਅਪਣਿਆਂ ਦਾ ਵੀ ਘਾਣ ਕੀਤਾ। ਵੀਹਵੀਂ ਸਦੀ ਦੇ ਰੂਸ ਦਾ ਹਰ ਸੁੱਚਾ ਚਿਤ੍ਰਕਾਰ, ਫ਼ਿਲਮਕਾਰ, ਸੰਗੀਤਕਾਰ ਤੇ ਲਿਖਾਰੀ ਸਤਾਲਿਨਪ੍ਰਸਤਾਂ ਹੱਥੋਂ ਖ਼ੁਆਰ ਹੋਇਆ। ਮੈਂ ਕਿਹੜੇ ਮੂੰਹ ਨਾਲ਼ ਤਾਲਿਬਾਨ ਨੂੰ ਮਾੜਾ ਆਖਦਾ? ਮੇਰੀ ਕਵਿਤਾ

ਉਨ੍ਹਾਂ ਦਾ ਵਿਗਾੜ ਵੀ ਕੀ ਸਕਦੀ ਸੀ? ਦਰਅਸਲ ਸਾਰਾ ਸਿਆਸੀ ਸਾਹਿਤ ਅਖ਼ਲਾਕ ਦੇ ਉੱਚੇ ਥੜ੍ਹੇ ਉੱਤੇ ਹੀ ਖੜ੍ਹੋ ਕੇ ਲਿਖ ਹੁੰਦਾ ਹੈ। ਮੈਂ ਕੁਰਾਨ ਦੇ ਬੁਤਸ਼ਿਕਨੀ ਦੇ ਹਵਾਲਿਆਂ ਵਾਲ਼ੇ ਕਾਗ਼ਜ਼ ਸੁੱਟ ਦਿੱਤੇ। ਇੰਜ ਸੋਚੀ ਹੋਈ ਕਵਿਤਾ ਅਣਲਿਖੀ ਰਹਿ ਗਈ।

ਅੱਜਕਲ੍ਹ ਪੱਛਮੀ ਮੁਲਕਾਂ ਚ ਈਰਾਨ ਦੇ ਫ਼ਿਲਮਕਾਰ ਮੋਹਸਿਨ ਮਖ਼ਮਲਬਾਫ਼ ਦਾ ਬੜਾ ਨਾਂ ਹੈ। ਇਹਨੇ ਅਫ਼ਗ਼ਾਨਿਸਤਾਨ ਬਾਰੇ ਦੋ ਫ਼ਿਲਮਾਂ ਬਣਾਈਆਂ ਹਨ – *ਸਾਈਕਲਸਵਾਰ* (1988) ਤੇ *ਕੰਧਾਰ* (2001). ਇਹਨੇ ਬਾਮਿਯਾਨ ਬਾਰੇ ਲਿਖਿਆ:

> ਅਫ਼ਗ਼ਾਨਿਸਤਾਨ ਚ ਜੇ ਕਿਸੇ ਦਾ ਦਿਲ ਪੱਥਰ ਨਹੀਂ ਸੀ ਹੋਇਆ, ਤਾਂ ਉਹ ਬਾਮਿਯਾਨ ਦੇ ਬੁੱਧ ਦੇ ਮੁੱਜਸਮੇ ਦਾ ਦਿਲ ਸੀ। ਇਸ ਮੁਲਕ ਵਿਚ ਵਾਪਰਦੇ ਏਡੇ ਵੱਡੇ ਤ੍ਰਾਹ ਨਾਲ਼ ਇਹ ਜ਼ਲੀਲ ਹੋ ਗਿਆ ਤੇ ਟੁੱਟ ਗਿਆ। ਬੁੱਧ ਦਾ ਤਿਆਗ ਤੇ ਇਹਦੀ ਸ਼ਾਂਤੀ ਰੋਟੀ ਨੂੰ ਵਿਲਕਦੀ ਕੌਮ ਅੱਗੇ ਸ਼ਰਮਸਾਰ ਹੋ ਗਈ। ਦੁਨੀਆ ਨੂੰ ਇਸ ਗ਼ੁਰਬਤ, ਜਹਾਲਤ, ਜ਼ੁਲਮ ਤੇ ਮੌਤ ਦੀ ਗੱਲ ਦੱਸਣ ਲਈ ਉਹਦਾ ਬੁੱਤ ਟੁਕੜੇ-ਟੁਕੜੇ ਹੋ ਗਿਆ; ਪਰ ਭੋਲ਼ੇ ਇਨਸਾਨਾਂ ਨੇ ਸਿਰਫ਼ ਪੱਥਰ ਹੀ ਟੁੱਟਦੇ ਵੇਖੇ। ਮੈਂ ਤਾਂ ਸਮਝਦਾਂ ਕਿ ਬੁੱਧ ਦੇ ਬੁੱਤ ਨੂੰ ਕਿਸੇ ਨਹੀਂ ਭੰਨਿਆ; ਾ ਇਹ ਸ਼ਰਮ ਨਾਲ਼ ਆਪ ਹੀ ਢੇਰੀ ਹੋ ਗਿਆ।

[ਅਗਸਤ 2001]

•

## ਭਗਵਾਨ ਜੋਸ਼ ਦੀ ਚਿੱਠੀ *ਆਸੋਸ, ਤੁਰਕੀ* ਕਵਿਤਾ ਬਾਰੇ

ਨਈ ਦਿੱਲੀ 18 ਸਤੰਬਰ 2001

ਪਿਆਰੇ ਚੰਦਨ

ਜਿਸ ਦਿਨ ਦਾ ਅਮਰੀਕਾ ਵਿਚ ਭਾਣਾ ਵਰਤਿਆ ਹੈ, ਉਸ ਦਿਨ ਦਾ ਤੈਨੂੰ ਚਿੱਠੀ ਲਿਖਣ ਦਾ ਸੋਚਦਾ ਰਿਹਾ ਹਾਂ। ਜੋ ਲੋਕ ਮੌਤ ਨੂੰ ਜ਼ਿੰਦਗੀ ਸਮਝਦੇ ਹੋਣ, ਉਨ੍ਹਾਂ ਕੋਲ਼ੋਂ ਕਿਵੇਂ ਬਚਿਆ ਜਾ ਸਕਦਾ ਹੈ? ਹੁਣ ਤਾਂ ਉਨ੍ਹਾਂ ਨੇ ਪਹਿਲਾਂ ਦਾ ਇਤਿਹਾਸ ਹੀ ਖ਼ਤਮ ਕਰ ਦਿੱਤਾ। ਸਮਾਜ ਦੋ ਹਿੱਸਿਆਂ ਚ ਹੈ: (1) ਜੋ ਸੋਚਦੇ ਹਨ, ਜ਼ਿੰਦਗੀ/ਜਵਾਨੀ ਗਾਲਣ ਲਈ ਹੈ ਤੇ (2) ਜੋ ਸਮਝਦੇ ਹਨ ਕਿ ਮਾਨਸ ਜਨਮ ਦੁਰਲਭ ਹੈ। ਹੁਣ ਲਗਦੈ, ਤੇਰਾ ਲੇਖ **ਬਾਮਿਯਾਨ ਬਾਮਿਯਾਨ: ਅਣਲਿਖੀ ਰਹਿ ਗਈ ਕਵਿਤਾ** ਬਾਮਿਯਾਨ ਬਾਰੇ ਘਟ ਇਸ ਵਰਤੇ ਭਾਣੇ ਬਾਰੇ ਵਧ ਸੀ। ਸ਼ਾਇਦ ਤੇਰੀ ਆਸੋਸ ਕਵਿਤਾ ਦੀ ਤੰਦ ਵੀ ਇਸ ਆਉਣ ਵਾਲ਼ੇ ਭਾਣੇ ਨੂੰ ਭਾਂਪੀ ਬੈਠੀ ਉੱਸਲਵੱਟੇ ਲੈ ਰਹੀ ਸੀ। ਸੋਚ ਰਹੀ ਸੀ ਉਸ ਭਵਿਖ ਨੂੰ ਕਿਵੇਂ ਪਕੜਾਂ, ਜੋ ਕਵਿਤਾ ਦਾ ਹੀ ਥੇਹ ਹੈ। ਇਹ ਮੰਦਿਰ ਦੇ ਥੇਹ ਦੀ ਤੇਰੀ ਕਵਿਤਾ ਅਸਲ ਵਿਚ ਆਸੋਸ ਦੇ ਥੇਹ ਬਾਰੇ ਨਹੀਂ ਸੀ, ਹਾਲਾਂਕਿ ਉਹ ਉਸ ਥੇਹ ਨੂੰ ਦੇਖਣ ਬਾਅਦ ਲਿਖੀ ਗਈ ਸੀ। ਇਹ ਤਾਂ ਮਨੁੱਖਤਾ ਦੇ ਸਮੁੱਚੇ ਭਵਿਖ ਬਾਰੇ ਲਿਖੀ ਕਵਿਤਾ ਹੋ ਸਕਦੀ ਹੈ। ਤੂੰ ਖ਼ੁਦ ਹੀ ਤਿਤਲੀ ਸੀ, ਜੋ ਅਪਣੇ ਆਪਨੂੰ ਉਸ ਥੇਹ ਅੰਦਰ ਦੇਖ ਰਹੀ ਸੀ। ਕੋਈ ਤਿਤਲੀ ਥੇਹ ਕਰਨ ਵਾਲ਼ਿਆਂ ਦਾ ਕੁਝ ਨਹੀਂ ਵਿਗਾੜ ਸਕਦੀ। ਥੇਹ ਹੋਣ ਬਾਅਦ ਕਵਿਤਾ ਸੰਭਵ ਨਹੀਂ। ਮੌਤ ਦੀ ਜ਼ਿੰਦਗੀ ਉਪਰ ਸਦੀਵੀ ਜਿੱਤ ਤੋਂ ਕਵਿਤਾ ਸੰਭਵ ਨਹੀਂ। ਐਨੀਆਂ ਕਿੰਨੀਆਂ ਹੀ ਕਵਿਤਾਵਾਂ ਅਣਲਿਖੀਆਂ ਰਹਿਣਗੀਆਂ। ਅਪਣੀ ਸ਼ਰਮ ਦਾ ਮੈਂ ਕੀ ਕਰਾਂ? ਮੈਂ ਵੀ ਤੇਰੇ ਨਾਲ਼ ਹੀ ਖੜ੍ਹਾ ਹਾਂ।

ਪਿਆਰ ਨਾਲ਼

■